੧ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ

Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੨੮ ਜਿਲਦ ੩੦ ੨੩-੨੯ ਜੁਲਾਈ ੨੦੨੦, ੮-੧੪ ਸਾਵਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 28 Volume 30, 23-29 July 2020
Yearly Subscription India 250/-, Abroad 2500/- and Life Membership India 2500/-, Abroad 25000/-


## ਧਰਮ ਭਾਵ ਦੀ ਕਾਇਮੀ

❖ ਭਾਈ ਸਾਹਿਬ ਭਾਈ ਵੀਰ ਸਿੰਘ

ਪਛੌਂ ਵਾਲਿਆਂ ਤੋਂ ਹਿੰਦੀਆਂ ਦੇ ਕੰਨਾਂ 'ਚ ਕੌਮੀ ਉੱਨਤੀ ਦੀ ਅਵਾਜ਼ ਇਸ ਤਰ੍ਹਾਂ ਪਈ ਕਿ ਇਹ ਇੱਟਾਂ ਦੇ ਢੇਰਾਂ ਨੂੰ ਮਹਿਲ ਸਮਝ ਉਠੇ। ਧਰਮ ਭਾਵ, ਧਰਮ ਜੀਵਨ ਨੂੰ ਭੁਲਾ ਕੇ ਕੌਮ ਲੱਗੀ ਉਸਰਨ। ਗਲ ਗਲ ਵਿਚ ਫਿਰ ਪਛਮੀਆਂ ਦੀ ਰੀਸ ਹੋਣ ਲਗ ਪਈ। ਪਛੌਂ ਵੱਲੋਂ ਈਸਾਈ ਮਤ ਆਇਆ ਜਦੋਂ ਲੋਕ ਈਸਾਈ ਹੋਣ ਲਗ ਪਏ ਤਾਂ ਆਰਯਾ ਸਮਾਜ ਹਿੰਦੂਆਂ ਵਿਚੋਂ ਉੱਠਿਆ ਕਿ ਕੁਛ ਉਹੋ ਜੇਹਾ ਲੋਕਾਂ ਨੂੰ ਬਣਕੇ ਦਿਖਾਵੇ। ਇਸ ਤਰ੍ਹਾਂ ਅੱਠੀ ਦਿਨੀਂ ਐਤਵਾਰ ਸਮਾਜ ਲਗਣੀ ਸ਼ੁਰੂ ਹੋਈ। ਸਿੱਖਾਂ ਨੇ ਬੀ ਅੱਠੀ ਦਿਨੀਂ ਸਿੰਘ ਸਭਾ ਲਾਣੀ ਇਸ ਰੀਸ ਤੋਂ ਸਿੱਖੀ। ਸ਼ੁਰੂ ਸ਼ੁਰੂ ਵਿਚ ਸਿਰਫ ਕੌਮੀ ਲੈਕਚਰ ਹੋਣੇ ਕਾਫੀ ਸਮਝੇ ਜਾਂਦੇ ਸਨ। ਧਰਮ ਭਾਵ ਤੇ ਇਖ਼ਲਾਕੀ ਪਾਸੇ ਘਟ ਧਿਆਨ ਦਿਤਾ ਜਾਂਦਾ ਸੀ। ਹੁਣ ਆਪ ਵੇਖੋ ਤਮਾਸ਼ਾ। ਸਿੱਖਾਂ ਨੇ ਇਨ੍ਹਾਂ ਦੀ ਨਕਲ ਕਰਕੇ ਤੇ ਫੋਕੇ ਕੌਮੀ ਤ੍ਰੱਕੀ ਦੇ ਖਿਆਲ ਵਿਚ ਅੱਠੀ ਦਿਨੀਂ ਜਲਸੇ ਕਰਨ ਦੀ ਨੀਂਹ ਧਰੀ। ਇਹ ਜਲਸੇ ਸਹਜੇ ਸਹਜੇ ਦੀਵਾਨ ਦੀ ਸ਼ਕਲ ਵਿਚ ਮੁੜੇ ਤੇ ਫੇਰ ਰੈਹ ਗਏ। ਹੁਣ ਟਾਂਵੀ ਟਾਂਵੀ ਥਾਈਂ ਸਿੰਘ ਸਭਾ ਲੱਗਦੀ ਹੈ, ਨਹੀਂ ਤਾਂ ਜਿਸ ਦਿਨ ਕਿਤੇ ਵਡਿਆਈ ਦੀ ਖਾਤਰ ਤਾਰਾਂ ਖੜਕਾਉਣੀਆਂ ਹੋਣ, ਉਸ ਦਿਨ ਸਭਾ ਲਗ ਜਾਂਦੀ ਹੈ, ਤੇ ਕਈ ਥਾਈਂ ਸਭਾ ਬੀ ਨਹੀਂ ਲਗਦੀ, ਸਕਤ੍ਰ ਤੇ ਪ੍ਰੈਜ਼ੀਡੈਂਟ ਅਪਣੇ ਘਰੋਂ ਹੀ ਤਾਰਾਂ ਦੇ ਛਡਦੇ ਹਨ। ਪ੍ਰਚਾਰ ਦਾ ਕੰਮ ਰੈਹ ਗਿਆ, ਉਪਦੇਸ਼, ਕਥਾ ਕੀਰਤਨ ਚਲੇ ਗਏ, ਦੁਖੀਆਂ ਦੀ ਮੱਦਦ ਉਪਕਾਰ ਨੇਕੀ ਸੇਵਾ ਦੇ ਕੋਈ ਸਾਹਸ ਨਾ ਰਹੇ, ਭਜਨ ਬੰਦਗੀ ਦਾ ਸੁਪਨੇ ਚੇਤਾ ਨਹੀਂ, ਆਸ਼ਰਮ ਬਨਾਕੇ ਬੀ ਧਰਮ ਮੁੱਖ ਨਹੀਂ, ਨਾਮ ਤੇ ਕਦੇ ਕਦੇ ਤਾਰਾਂ ਦੇ ਣੀਆਂ, ਯਾ ਇਸ਼ਤਿਹਾਰ ਜਾਰੀ ਕਰਨੇ। ਕਿਤੇ ਅੱਠਵੇਂ ਦਿਨ ਦੀਵਾਨ ਲਗਣਾ ਤੇ ਬਾਕੀ ਹਰੀ ਹਰ। ਖਾਲਸੇ ਦੇ, ਆਦ ਸਤਿਗੁਰਾਂ ਦੇ ਵੇਲੇ ਤੋਂ, ਅੰਮ੍ਰਿਤ ਵੇਲੇ ਆਸਾ ਦੀ ਵਾਰ ਤੇ ਸੰਞਾਂ ਨੂੰ ਸੋਦਰ ਦੇ ਦੀਵਾਨ ਹਰ ਰੋਜ ਲਗਦੇ ਹੁੰਦੇ ਸਨ। ਸਿੱਖਾਂ ਦਾ ਧਰਮ ਸਮਾਗਮ ਅੱਠਵੇਂ ਦਿਨ ਨਹੀਂ ਸੀ, ਦਿਨ ਵਿਚ ਦੋ ਵਾਰ ਸੀ। ਪਿੰਡਾਂ ਦੇ ਲੋਕ ਧਰਮਸਾਲਾ ਵਿਚ, ਸ਼ਹਿਰਾਂ ਦੇ ਲੋਕ ਅਪਣੀ ਗਲੀ ਮਹਲੇ ਦੀਆਂ ਧਰਮਸਾਲਾਂ ਵਿਚ, ਸਤਿਗੁਰਾਂ ਦੇ ਥਾਪੇ ਗੁਰਧਾਮ ਗੁਰਦਵਾਰਿਆਂ ਵਿਚ ਦੋਨੋਂ ਵੇਲੇ ਲੋਕ ਇਕੱਠੇ ਹੁੰਦੇ ਕੀਰਤਨ ਸੁਣਦੇ ਸਨ, ਕਥਾ ਵਾਰਤਾ ਹੁੰਦੀ ਸੀ, ਧਰਮ ਪ੍ਰਚਾਰ, ਪਰਉਪਕਾਰ ਦੇ ਸਮੇਂ ਬਣਦੇ ਸਨ। ਉਹ ਸਾਰਾ ਕੁਛ ਗਿਆ ਉਸ ਰੀਸ ਵਿਚ, ਜੋ ਫੋਕੀ ਕੌਮੀ ਉੱਨਤੀ ਦੇ ਖੁਸ਼ ਕਰਨ ਵਾਲੇ ਸੁਪਨ ਵਿਚ ਸਿੱਖਾਂ ਨੇ ਸਿਖਿਆ ਸੀ। ਉਧਰ ਜਿਨ੍ਹਾਂ ਤੋਂ ਆਰਯਾ, ਸਿੱਖਾਂ, ਮੁਸੋਲਮਾਨਾਂ ਇਹ ਰਵਸ਼ ਸਿੱਖੀ ਸੀ, ਉਹਨਾਂ ਨੇ ਕੀਹ ਕੀਤਾ ਹੈ? ਉਹਨਾਂ ਨੇ ਵੇਖਿਆ ਕਿ ਸਿੱਖਾਂ ਵਿਚ ਦੋ ਵੇਲੇ ਕੀਰਤਨ ਦੇ ਦੀਵਾਨ ਦੀ ਰਵਸ਼ ਉੱਤਮ ਹੈ ਤੇ ਸਾਡੀ ਹਫਤੇ ਵਾਲੀ ਰਸਮ ਠੀਕ ਨਹੀਂ ਸੋ ਹੁਣ ਆਪ ਗੁਰਦਾਸਪੁਰ ਜ਼ਿਲੇ ਦੇ ਪਿੰਡਾਂ ਵਿਚ ਜਾਕੇ ਵੇਖੋ ਕਿ ਬਹੁਤੀ ਥਾਈਂ ਈਸਾਈਆਂ ਨੇ ਸੁਬਹ ਸ਼ਾਮ ਆਪਣੇ ਇਕੱਠ ਕਰਨੇ ਅਰੰਭ ਦਿਤੇ ਹਨ। ਸਿਆਣੇ ਆਖਦੇ ਹਨ ਕਿ ਪਾਤਸ਼ਾਹੀ ਕੌਮ ਦੇ ਰਸਮ ਰਿਵਾਜ ਪ੍ਰਜਾ ਕੌਮ ਨੂੰ ਭਾਯਾ ਕਰਦੇ ਹਨ ਤੇ ਅਪਨੇ ਗੁਣ ਬੀ ਔਗੁਣ ਹੋ ਭਾਸਿਆ ਕਰਦੇ ਹਨ, ਸੋ ਹੁਣ ਵੇਖ ਲਓ ਕਿ ਸਿੱਖਾਂ ਨੇ ਅੱਠਵੇਂ ਦਿਨ ਦੀ ਰੀਸ ਕਰਕੇ ਅਪਨੇ ਗੁਣ ਨੂੰ ਗੁਆ ਲਿਆ, ਜਿਸ ਕੌਮ ਨੂੰ ਹੁਕਮ ਸੀ ਕਿ:-

**ਸਭੇ ਵਖਤ ਸਭੇ ਕਰ ਵੇਲਾ॥ ਖਾਲਕੁ ਯਾਦ ਦਿਲੈ ਮਹਿ ਮਉਲਾ॥** (੧੦੮੪)

ਉਸ ਕੌਮ ਨੇ ਜਿਸਨੇ ਦੰਮ ਬਿਰਥਾ ਨਹੀਂ ਸੀ ਗੁਆਣਾ, ਉਸ ਪੰਥ ਨੇ ਜਿਸਨੇ

**ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥** (੨੮੬)

ਕਰਨਾ ਸੀ ਤੇ ਇਸ ਸਚੇ ਕੰਮ ਵਾਸਤੇ ਅੰਮ੍ਰਿਤ ਵੇਲੇ ਤੇ ਸੰਝਾਂ ਨੂੰ ਧਾਰਮਕ ਦੀਵਾਨ ਸਾਜਣੇ ਸਨ, ਇਸ ਪ੍ਰਭਾਵ ਲਈ ਕਿ ਅੰਮ੍ਰਿਤ ਵੇਲੇ ਦਾ ਸਤਸੰਗ ਚਾਰ ਪੈਹਰ ਲਈ ਸੁਰਤ ਵਿਚ ਉਹ ਰੁੱਖ ਪੈਦਾ ਕਰ ਦੇਵੇ ਜੋ ਚਾਰ ਪੈਹਰ:-

**ਊਠਤ ਬੈਠਤ ਸੋਵਤ ਧਿਆਈਐ॥ ਮਾਰਗਿ ਚਲਤ ਹਰੇ ਹਰਿ ਗਾਈਐ॥**

ਦਾ ਰੰਗ ਬਣਿਆ ਰਹੇ।

ਸੰਝਾਂ ਨੂੰ ਸਤਸੰਗ ਕਰਨਾ ਸੀ ਕਿ ਉਸ ਵੇਲੇ ਦਾ ਮਹਾਂ ਪਵਿੱਤ੍ਰ ਪਰਭਾਵ

### ਅੰਦਰ


- ਸ਼ੁਰੂਆਤੀ ਦੌਰ ਦੇ ਪਰਵਾਸੀ ਮਸਲੇ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- Through *Nam* is Attained Resplendent Spirit 7
- ਮੇਰੀ ਖਿੜੀ ਰਹੇ ਗੁਲਜ਼ਾਰ : ਹਥ ਕਾਰ ਵੱਲ... 9
- ਸੌ ਸਾਲ ਪਹਿਲਾਂ : ਨੀਤੀ ਸ਼ਤਕ 10
- ਸ਼ਬਦ ਵਿਆਖਿਆ 11
- ਖ਼ਬਰ-ਸਾਰ 12

ਉਹ ਰੁੱਖ ਪੈਦਾ ਕਰ ਦੇਵੇ ਕਿ ਚਾਰ ਪੈਹਰ 'ਰਾਤ ਉਠਤ ਬੈਠਤ ਸੋਵਤ ਨਾਮ' ਦਾ ਰੰਗ ਅੰਦਰ ਲਗਾ ਰਹੇ, ਉਸ ਪੰਥ ਨੇ ਰੀਸ ਕੀਤੀ, ਦੰਮ ਦੰਮ ਦੀ ਥਾਂ ਅੱਠਵਾਂ ਦਿਨ ਨਕਲੋ ਨਕਲੀ ਲੀਤਾ, ਉਹ ਮੰਗ ਦਾ ਸਾਬਨ ਹਥੋਂ ਤਿਲਕ ਬੀ ਗਿਆ, ਨਾ ਅੱਠਵਾਂ ਦਿਨ ਰਿਹਾ, ਨਾ ਰੋਜ ਰਿਹਾ, ਨਾ ਦੋ ਵੇਲੇ ਸੰਝਾ ਸਵੇਲਾ ਰਿਹਾ, ਨਾ **'ਦਮਿ ਦਮਿ ਸਦਾ ਸਮਾਲਦਾ ਦੰਮੁ ਨ ਬਿਰਥਾ ਜਾਇ'** ਰਿਹਾ। ਰੈਹ ਗਈ ਫੋਕੀ ਕੂਕ ਕੌਮੀ ਉੱਨਤੀ ਦੀ। ਸੋ ਉਹ ਕੌਮੀ ਉੱਨਤੀ ਪੈ ਗਈ ਝਗੜੇ ਨਿੰਦਿਆ ਈਰਖਾ ਬਖੀਲੀਆਂ ਖ਼ੁਦਗਰਜ਼ੀਆਂ ਤੇ ਹੋਰ ਆਸੁਰੀ ਸੰਪਦਾ ਦੀਆ ਖੇਡਾਂ ਵਿਚ, ਨਾ ਰਿਹਾ ਜਪ ਤਪ ਸੰਜਮ ਪ੍ਰੇਮ ਬਾਣੀ ਨਾਮ, ਨਾ ਰਿਹਾ ਭ੍ਰਾਵਾਂ ਵਾਲਾ ਪਿਆਰ ਮੈਤ੍ਰੀ ਖਿਮਾ, ਦੇਖਕੇ ਅਣਡਿਠ ਕਰਨਾ, ਬਖਸ਼ਣਾ, ਡਿਗੇ ਨੂੰ ਗਲ ਲਾਣਾ। ਪਰਸਪਰ ਵਿਚਾਰ ਤੇ ਗੁਰਮੁਖਤਾਈ ਨਾਲ ਨਬੇੜੇ ਕਰਨੇ। ਹਠਧਰਮੀਆਂ ਨੇ ਆ ਡੇਰੇ ਲਾਏ। ਹੁਣ ਵੇਖ ਲਓ ਕਿ ਫੋਕੀ ਕੌਮੀ ਉੱਨਤੀ ਨੇ ਧਰਮ ਤਾਂ ਕੀਹ ਬਨਾਨਾ ਸੀ, ਜਿਸ ਨਾਮ ਤੇ ਉੱਠੀ ਸੀ, "ਕੌਮੀ ਉੱਨਤੀ" ਉਹ ਬੀ ਨਹੀਂ ਰਿਹਾ। ਕੌਮੀ ਉੱਨਤੀ ਕੀਹ ਹੋ ਰਹੀ ਹੈ। ਫਿਰੋ ਪੰਜਾਬ ਵਿਚ ਇਕ ਦੌਰਾ ਕਰੋ, ਆਪ ਦੇਖੋਗੇ ਕਿ ਮੁਸਲਮਾਨ, ਮੁਸਲਮਾਨ ਨਾਲ ਪਿਆਰ ਕਰਦਾ ਹੈ, ਹਿੰਦੂਆਂ ਵਿਚ ਜੋ ਫਟੇ ਪਾਟੇ ਖੁਦਗਰਜ਼ੀ ਨਾਲ ਘਾਇਲ ਪਏ ਸਨ, ਆਪੋ ਵਿਚ ਪਿਆਰ ਦੀ ਲੈਹਰ ਮਹਸੂਸ ਹੋ ਰਹੀ ਹੈ, ਪਰ ਸਿੱਖਾਂ ਵਿਚ, ਸਿੱਖ ਦਾ ਸਿੱਖ ਵੈਰੀ। ਇਕ ਮੈਹਕਮੇ ਵਿਚ ਦੋ ਸਿੱਖ, ਆਪੋ ਵਿਚ ਜੂਝ ਰਹੇ ਹੋਣਗੇ। ਇਕ ਕਮਾਮ ਦੇ ਦੋ ਸਿੱਖ ਪਰਸਪਰ ਵੱਡਾ ਟੁਕ ਵਿਚ ਮਸਤ ਹੋਣਗੇ। ਦੋ ਸਿੱਖ ਵਪਾਰੀ ਇਕ ਥਾਂ ਹੋਣਗੇ ਤਾਂ ਇਕ ਦੂਏ ਦੇ ਦਵਾਲੇ ਕੁਢਾਨ ਦੇ ਫਿਕਰ ਵਿਚ ਤੇ ਤਰਦਦ ਵਿਚ ਹੋਣਗੇ। ਦੋ ਧਰਮ ਦਾ ਪੰਥ ਦਾ ਕੰਮ ਕਰਨ ਵਾਲੇ ਸਿਖ ਹੋਣਗੇ ਤਾਂ ਇਕ ਦੂਜੇ ਨੂੰ ਅਰਕਾਂ ਮੋਢੇ ਮਾਰਨ ਵਿਚ ਤੇ ਆਪ ਸੋਭਾ ਦੀ ਸੂਲੀ ਲਟਕਣ ਨੂੰ ਤਿਆਰ ਹੋਣਗੇ। ਇਕ ਚਾਹੇਗਾ ਕਿ ਲੂਥਰ ਜੀਕੂੰ ਈਸਾਈਆਂ ਵਿਚ ਹੈ ਤੀਕੂੰ ਮੈਂ ਸਿੱਖਾਂ ਵਿਚ ਪ੍ਰਸਿੱਧ ਹੋ ਜਾਵਾਂ, ਤੇ ਸੁਧਾਰਕਾਂ ਵਿਚ ਤਾਰਾ ਬਣਕੇ ਮਰਨ ਮਗਰੋਂ ਅਤੇ ਮਿੱਟੀ ਵਿਚ ਸੁਆਹ ਹੋਕੇ ਰਲ ਜਾਣ ਮਗਰੋਂ ਬੀ ਮੇਰਾ ਨਾਮ ਚਮਕੇ ਕਿ ਵਾਹ ਫਲਾਣਾ ਸੁਧਾਰ ਕਰਤਾ ਸੀ। ਕਿਥੇ ਗਿਆ ਉਹ ਫਿਕਰ ਜੋ ਸ੍ਰੀ ਗੁਰੂ ਨਾਨਕ ਦੇਵ ਨੂੰ ਲਗ ਰਿਹਾ ਸੀ ਕਿ ਜਗਤ ਗਰਕ ਰਿਹਾ ਹੈ, ਸੰਸਾਰ ਜਲ ਰਿਹਾ ਹੈ, ਕੀਕੂੰ ਠੰਢ ਪਵੇ ਤੇ ਹਰੇਕ ਪ੍ਰਾਣੀ ਸਤੋਗੁਣ ਵਿਚ ਕਿਸਤਰਾਂ ਪਰਵੇਸ਼ ਕਰੇ? ਭਾਈ ਗੁਰਦਾਸ ਨੇ ਜੋ ਸੱਦ ਕਿੰਨੀਆਂ ਪੌੜੀਆ ਵਿਚ ਦਿਤੀ ਹੈ ਕਿ ਜਗਤ ਤਮੋਗੁਣ ਤੇ ਰਜੋਗੁਣ ਵਿਚ ਦਗਧ ਹੋ ਰਿਹਾ ਸੀ ਤੇ ਰਖਣ ਵਾਲਾ ਕੋਈ ਨਹੀਂ ਸੀ ਤਾਂ ਗੁਰ ਨਾਨਕ ਆਯਾ, ਆਹ ਸ਼ੋਕ! ਅਜ ਉਸੇ ਗੁਰੂ ਨਾਨਕ ਦੇ ਸ਼ਬਦ ਸੋਹਲੇ ਦੀ ਸਪੁਰਦਗੀ ਵਾਲੇ, ਓਹੋ ਜਿਨ੍ਹਾਂ ਦੇ ਹੱਥ ਗੁਰ ਨਾਨਕ ਅਪਨੇ ਦਸਵੇਂ ਜਾਮੇ ਅਪਨਾ ਰੱਬੀ ਜਲਾਲ ਤੇ ਦੈਵੀ ਰੰਗ ਰਸ ਜਗਤ ਨੂੰ ਠੰਢ ਪਾਣ ਵਾਸਤੇ ਦੇ ਗਿਆ ਸੀ, ਆਪ ਤਮੋਗੁਣੀ ਬ੍ਰਿਤੀ ਵਿਚ ਵਧਦੇ ਜਾ ਰਹੇ ਹਨ ਤੇ ਕਸ਼ਟ ਹੈ ਕਿ ਅਪਨੇ ਰੰਗ ਦੀ ਪ੍ਰਤੀਤੀ ਭੀ ਨਹੀਂ ਰਹੀ, ਈਰਖਾ ਵੈਰ ਨੂੰ ਕੌਮੀ ਉੱਨਤੀ ਆਸੁਰੀ ਸੰਪਦਾ ਦੇ ਸਾਰੇ ਵਰਤਾਰੇ ਕੌਮਾਂ ਦੇ ਕਾਇਮ ਕਰਨ ਲਈ ਜ਼ਰੂਰੀ ਸਮਝੇ ਜਾਂਦੇ ਹਨ, ਕਿੱਥੇ ਗਿਆ ਸਤਿਗੁਰ ਦਾ ਆਦਰਸ਼:-

**ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ ਮਨ ਹੀ ਮੰਝਿ ਸਮਾਇ॥** (੮੭)

ਇਸਦੀ ਥਾਂ ਹੁਣ ਭਗਤਾਂ ਵਿਚ ਝਗੜੇ ਤੇ ਸਥਾਂ, ਇਹ ਫੋਕੀ ਕੌਮੀ ਉੱਨਤੀ ਦੇ ਆਦਰਸ਼ ਨੂੰ ਫਲ ਆਣ ਲੱਗਾ ਹੈ।

ਖਾਲਸਾ ਜੀ! 45 ਬਰਸ ਦੇ ਤਜਰਬੇ ਦੇ ਬਾਦ ਕੀ ਅਜੇ ਵਕਤ ਨਹੀਂ ਆਇਆ ਕਿ ਅਸੀਂ ਧਰਮ ਵਲ ਵਾਗਾਂ ਮੋੜੀਏ, ਅਸੀਂ ਅਪਨੇ ਪ੍ਰਮਾਰਥਕ ਜੀਵਨ ਵਲ ਤੱਕੀਏ, ਅਸੀਂ ਪੜਚੋਲ ਕਰੀਏ ਕਿ ਆਯਾ ਸਾਡੀ ਅੰਦਰਲੀ ਗੱਡੀ ਉਨ੍ਹਾਂ ਪਟੜੀਆ ਤੇ ਚਲ ਰਹੀ ਹੈ ਜੋ ਸਤਿਗੁਰੂ ਨੇ ਸਾਡੇ ਲਈ ਅਰਸ਼ਾਂ ਤੋਂ ਲਿਆਕੇ ਵਛਾਈ ਸੀ। ਕੀ ਅਸੀਂ 'ਲੋਕ ਸੁਖੀ ਪ੍ਰਲੋਕ ਸੁਹੇਲੇ' ਦੇ ਆਦਰਸ਼ ਤੇ ਚਲ ਰਹੇ ਹਾਂ, ਸਤਿਗੁਰ ਜੀ ਆਖਦੇ ਹਨ:-

**ਸਾਚੀ ਲਿਵੈ ਬਿਨੁ ਦੇਹ ਨਿਮਾਣੀ॥**
**ਦੇਹ ਨਿਮਾਣੀ ਲਿਵੈ ਬਾਝਹੁ ਕਿਆ ਕਰੇ ਵੇਚਾਰੀਆ॥** (੯੧੭)

ਕੀ ਲਿਵ ਪ੍ਰਾਪਤ ਹਾਂ ਅਸੀ? ਜੇ ਨਹੀਂ ਤਾਂ ਇਹ ਦੇਹ ਨਿਮਾਣੀ ਹੈ, ਚਾਹੇ ਇਸ ਪਰ ਜਿੰਨੇ ਕੂੜੇ ਮਾਣੇ ਕਰਨੇ ਹਨ ਕਰ ਲਓ, ਇਸਨੂੰ ਪੰਥ ਸੇਵਾ ਤੇ ਸੁਧਾਰ ਕਰਤਾ ਵਿਦਵਤਾ ਤੇ ਬੋਲਨਹਾਰ ਹੋਣ ਦੇ ਦੁਮਛਲੇ ਮਰਜੀ ਹਨ ਲਗਾ ਲਓ ਤੇ ਸੋਭਾ-ਫੋਕੀ ਸੋਭਾ-ਤੇ ਜਗਤ ਨੂੰ ਭੁਲੇਵੇ ਦੇ ਜਿੰਨੇਂ ਜੱਸ ਦੇ ਤੁਰਲੇ ਮਰਜੀ ਹਨ ਲਟਕਾ ਲਓ, ਇਸ ਦੇਹ ਨੇ ਨਿਮਾਣੀ ਰਹਣਾ ਹੈ ਤੇ ਨਿਮਾਣੀ ਤੁਰਨਾ ਹੈ ਤੇ ਅੱਗੇ ਨਿਮਾਣਿਆਂ ਵਿਚ ਮਨ ਤੇ ਆਤਮਾ ਨੇ ਰੁਲਨਾ ਹੈ। ਇਸ ਤਰਾਂ ਨਾਲ ਨਾ ਅਪਨਾ ਕੁਛ ਬਣਨਾ ਹੈ ਨਾ ਕੌਮ ਦਾ। ਜੇ ਕੁਛ ਸਾਰਨਾ ਹੈ ਤਾਂ ਈਸਾਈਆਂ ਦੀ ਨਕਲ ਨੇ ਸਾਡਾ ਨਹੀਂ ਸਾਰਨਾ, ਜੇ ਕੁਛ ਬਣਨਾ ਹੈ ਤਾਂ ਫੋਕੇ ਵੇਦਾਂਤੀਆਂ, ਸੂਫੀਆਂ, ਸੋਸ਼ਲਿਜ਼ਮ ਦੀਆਂ ਨਕਲਾਂ ਨੇ ਨਹੀਂ ਬਣਾਨਾ। ਜੇ ਕੁਛ ਬਣਾਨਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਿਰੋਲ ਬਾਣੀ, ਭਾਈ ਗੁਰਦਾਸ, ਭਾਈ ਨੰਦ ਲਾਲ ਜੀ ਦੀ ਰਚਨਾ ਦੀ ਸੁਚੀ ਬੇ-ਤਅਸਬ ਤੇ ਰਲੇ ਬਾਦ ਤੋਂ ਸੁਚੀ ਸਮਝ ਨੇ ਅਰ ਅਪਨੇ ਜੀਵਨ ਨੂੰ ਗੁਰ ਆਸ਼ੇ ਤੇ ਢਾਲਨ ਨੇ ਬਨਾਨਾ ਹੈ। ਹੁਣ ਵਕਤ ਆ ਗਿਆ ਹੈ ਕਿ ਸਾਡੇ ਪੰਥ ਦੇ ਸੱਜਣ ਹਰ ਜਗਾ ਤੇ ਹਰ ਟਿਕਾਣੇ ਧਾਰਮਕ ਸੁਧਾਰ ਵਲ ਵਾਗਾਂ ਮੋੜਨ, ਇਨਸਾਨੀ ਜੀਵਨ ਨੂੰ ਗੁਰਸਿੱਖੀ ਦੇ ਸੱਚੇ ਵਿਚ ਢਾਲਨ, ਨਹੀਂ ਨਹੀਂ, ਹਰ ਇਕ ਸਿੱਖ ਅਪਣੇ ਆਪ ਨੂੰ ਧਰਮ ਭਾਵ ਨਾਲ ਪੂਰਤ ਸਿੰਘ ਬਨਾਵੇ। ਚੌਥੇ ਸਤਿਗੁਰ ਆਖਦੇ ਹਨ:-

**ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥** (੭੨੫)

ਸਾਡੇ ਵਿਚ "ਸਿੱਖ ਦਾ ਆਦਰਸ਼" ਚਮਕੇ। ਅਸੀਂ ਸਿੱਖ ਸਿੱਖਾਂ ਦੇ ਦਰਸਨ ਨੂੰ ਲੋਚੀਏ, ਸਿੱਖ ਸਿੱਖ ਦੇ ਮਿਲਨ ਨੂੰ ਤਰਸੇ। ਸਿੱਖ ਸਿੱਖ ਨੂੰ ਮਿਲਕੇ ਖੀਵਾ ਹੋ ਜਾਏ। ਇਹ ਤਦ ਹੋ ਸਕਦਾ ਹੈ ਜੇ ਹਰੇਕ ਸਿੱਖ ਵਿਚ ਧਰਮ ਭਾਵ ਸਿੱਖੀ ਦਾ ਆਵੇ, ਹਰ ਸਿੱਖ ਦੇ ਦਿਲ ਤਖਤ ਉੱਤੇ ਸਤਗੁਰ ਦੀ ਮੂਰਤੀ ਬਿਰਾਜਮਾਨ ਹੋਵੇ, ਹਰ ਸਿੱਖ ਦਾ ਆਤਮਾ ਅਕਾਲ ਪੁਰਖ ਦੇ ਚਰਨ ਸ਼ਰਨ ਪ੍ਰਾਪਤੀ ਹੋਵੇ, ਹਰ ਸਿੱਖ ਦੀ ਰਸਨਾ ਅੰਮ੍ਰਿਤ ਬੋਲਦੀ ਹੋਵੇ। ਖਾਲਸਾ ਜੀ! ਵੀਚਾਰ ਕਰੋ, ਅਰ ਡੂੰਘੀ ਵੀਚਾਰ ਕਰੋ, ਨਕਲਾਂ ਤੋਂ ਅਸਾਂ ਕੁਛ ਫਲ ਨਹੀਂ ਪਾਇਆ, ਮੰਦਰ ਸਾਡੇ ਫੋਕੇ ਸਿੱਖਾਂ ਨਾਲ ਭਰ ਰਹੇ ਹਨ, ਧਰਮਸਾਲਾ ਸਾਡੀਆਂ ਵੀਰਾਨ ਹੋ ਰਹੀਆਂ ਹਨ, ਨਵੇਂ ਆਸ਼੍ਰਮ ਜੋ ਸਾਜਦੇ ਹਾਂ, ਧਰਮ ਭਾਵ ਤੋਂ ਊਣੇ ਸਾਜਦੇ ਹਾਂ, ਸੁਧਾਰ ਸਾਰੇ ਨਕਲਾਂ ਕਰਕੇ ਫੋਕੀ ਕੌਮੀ ਉੱਨਤੀ ਉੱਤੇ ਸਦਦੇ ਹਾਂ। ਧਰਮ ਭਾਵ, ਮਜ਼ਹਬ, ਪੰਥ ਆਤਮ ਰਸ, ਆਤਮ ਸਾਧਨ ਛੱਡ ਰਹੇ ਹਾਂ। ਧਰਮ ਦੀ ਸੀਮੈਂਟ ਗੁਆ ਰਹੇ ਹਾਂ ਇੱਟਾਂ ਦੇ ਢੇਰ ਲਾਕੇ ਸਮਝ ਰਹੇ ਹਾਂ ਕਿ ਅਸੀਂ ਉਸਾਰੀ ਕਰ ਰਹੇ ਹਾਂ। ਆਓ ਹਿਰਦਿਆਂ ਨੂੰ ਹੋਰ ਥਾਵਾਂ ਤੋਂ ਸਿੱਖੇ ਤੇ ਬਾਹਰੋਂ ਸੁਣੇ ਪ੍ਰਭਾਵਾਂ ਤੋਂ ਅਡ ਕਰਕੇ ਸਾਫ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਤੇ ਵੀਚਾਰ ਦੀ ਕਸਵੱਟੀ ਤੇ ਲਾਈਏ ਤੇ ਆਪੇ ਨੂੰ ਸੁਧ ਬਾਰਾਂ ਵੰਨੀਆਂ ਦਾ ਸੋਨਾ ਬਨਾਈਏ। ਹੁਣ ਹੋਰ ਵਕਤ ਨਹੀਂ ਹੈ ਕਿ 'ਧਰਮ ਭਾਵ' ਵਲੋਂ ਗਫਲਤ ਕਰੋ ਤਾਂ ਕੌਮ ਬਚ ਰਹੇਗੀ, ਯਾ 'ਲੋਕ ਸੁਖੀ ਤੇ ਪ੍ਰਲੋਕ ਸੁਹੇਲੇ' ਹੋ ਸਕਾਂਗੇ।

**-ਖਾਲਸਾ ਸਮਾਚਾਰ, 24 ਜੁਲਾਈ, 1919**

✧ ✧ ✧ ✧ ✧


# ਸ਼ੁਰੂਆਤੀ ਦੌਰ ਦੇ ਪਰਵਾਸੀ ਮਸਲੇ

❖ ਡਾ. ਜੋਗਿੰਦਰ ਸਿੰਘ*

ਉਨ੍ਹੀਵੀਂ ਸ਼ਤਾਬਦੀ ਦੇ ਆਖ਼ਰੀ ਦਹਾਕੇ ਵਿਚ ਪੰਜਾਬੀਆਂ ਨੇ ਪਰਦੇਸ ਜਾਣਾ ਸ਼ੁਰੂ ਕਰ ਦਿੱਤਾ ਸੀ। ਵੀਹਵੀਂ ਸ਼ਤਾਬਦੀ ਦੇ ਆਰੰਭਕ ਸਾਲਾਂ ਵਿਚ ਪਰਦੇਸ ਜਾਣ ਵਾਲੇ ਪੰਜਾਬੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੋ ਗਈ ਸੀ। ਇਨ੍ਹਾਂ ਵਿਚੋਂ ਬਹੁਗਿਣਤੀ ਸਿੱਖ ਕਿਰਤੀ ਕਿਸਾਨਾਂ ਦੀ ਸੀ। ਇਨ੍ਹਾਂ ਦੇ ਪਰਿਵਾਰ ਬਰਤਾਨਵੀ ਹਕੂਮਤ ਵੱਲੋਂ ਨਵੀਂ ਕਿਸਮ ਦੇ ਉਸਾਰੇ ਗਏ ਜ਼ਰਾਇਤੀ ਸਿਸਟਮ ਦੇ ਆਰਥਿਕ ਮੰਦਹਾਲੀ ਦੇ ਸ਼ਿਕਾਰ ਸਨ। ਉਨ੍ਹਾਂ ਨੂੰ ਮਜਬੂਰੀ ਵੱਸ ਆਪਣੀਆਂ ਵਾਹੀਯੋਗ ਜ਼ਮੀਨਾਂ ਨੂੰ ਗਿਰਵੀ ਰੱਖਣਾ ਪਿਆ ਤਾਂ ਕਿ ਉਹ ਬਰਤਾਨਵੀ ਸਰਕਾਰ ਦਾ ਭੂਮੀ ਲਗਾਨ ਨਗਦੀ ਵਿਚ ਦੇ ਸਕਣ ਅਤੇ ਪਰਿਵਾਰਕ ਰੀਤੀ ਰਿਵਾਜ਼ ਨਿਭਾਅ ਸਕਣ। ਇਸ ਪ੍ਰਕਿਰਿਆ ਵਿਚ ਉਹ ਕਰਜ਼ਾਈ ਹੋ ਗਏ। ਨਾਲ ਦੇ ਨਾਲ ਉਹ ਕੁਦਰਤੀ ਆਫ਼ਤਾਂ ਜਿਵੇਂ ਕਾਲ ਅਤੇ ਪਲੇਗ ਦੇ ਸ਼ਿਕਾਰ ਵੀ ਬਣ ਰਹੇ ਸਨ। ਦਰਅਸਲ ਬਰਤਾਨਵੀ ਹਕੂਮਤ ਦੀ ਅਰਥ-ਵਿਵਸਥਾ ਨੇ ਜ਼ਰਾਇਤੀ ਅਤੇ ਉਦਯੋਗਿਕ ਪੈਦਾਵਾਰ ਜ਼ਰੂਰ ਵਧਾਈ ਪਰ ਇਸ ਦਾ ਲਾਭ ਬਰਤਾਨਵੀ ਰਾਜ ਅਤੇ ਇਸ ਦੇ ਉਦਯੋਗਪਤੀਆਂ ਅਤੇ ਵਿਉਪਾਰੀ ਸ਼੍ਰੇਣੀਆਂ ਨੂੰ ਹੀ ਹੋਇਆ। ਇਸ ਦੇ ਉਲਟ ਹਿੰਦੁਸਤਾਨੀਆਂ ਦੀ ਅਰਥ-ਵਿਵਸਥਾ ਦਿਨੋ-ਦਿਨ ਮਾੜੀ ਹੁੰਦੀ ਗਈ। **ਖਾਲਸਾ ਸਮਾਚਾਰ** ਨੇ 1914 ਈ. ਵਿਚ ਹਿੰਦੁਸਤਾਨੀ ਅਤੇ ਬਦੇਸ਼ੀ ਲੋਕਾਂ ਦੀ ਆਮਦਨ ਦਾ ਤੁਲਨਾਤਮਕ ਅਧਿਐਨ ਕਰਦਿਆਂ ਦੱਸਿਆ ਕਿ "ਜਿੱਥੇ ਅਮਰੀਕਾ ਦੇ ਇਕ ਆਦਮੀ ਦੀ ਸਾਲਾਨਾ ਆਮਦਨੀ ਦੀ ਔਸਤ 660, ਗ੍ਰੇਟ ਬ੍ਰਿਟੇਨ 540, ਫਰਾਂਸ 468, ਜਰਮਨੀ 372, ਬੈਲਜੀਅਮ, ਹਾਲੈਂਡ 330, ਨਾਰਵੇ 300, ਆਸਟ੍ਰੇਲੀਆ 252, ਇਟਲੀ 240 ਤੇ ਸਪੇਨ ਦੀ 240 ਰੁਪਏ ਹੈ ਉੱਥੇ ਹਿੰਦੁਸਤਾਨੀਆਂ ਦੀ ਕੇਵਲ 15 ਰੁਪਏ ਹੈ। ਜਿਸ ਤੋਂ ਪਤਾ ਲੱਗਦਾ ਹੈ ਕਿ ਹਿੰਦੁਸਤਾਨੀ ਦੂਜੇ ਦੇਸ਼ਾਂ ਨਾਲੋਂ ਗ਼ਰੀਬ ਹਨ ਤੇ ਇਹ ਹੀ ਰੋਟੀ ਦੀ ਤੰਗੀ ਦਾ ਸਵਾਲ ਇਨ੍ਹਾਂ ਨੂੰ ਦੇਸੋਂ ਪ੍ਰਦੇਸ ਲੈ ਜਾਂਦਾ ਹੈ।" (**ਖਾਲਸਾ ਸਮਾਚਾਰ**, 25 ਜੂਨ 1914, ਪੰਨਾ 3)। ਨਤੀਜੇ ਵਜੋਂ ਪੰਜਾਬੀਆਂ ਨੂੰ ਪੂਰੀ ਸ਼ਿੱਦਤ ਨਾਲ ਅਹਿਸਾਸ ਹੋ ਗਿਆ ਸੀ ਕਿ ਪਿਤਾ-ਪੁਰਖੀ ਕਿੱਤੇ ਨਾਲ ਉਹ ਆਰਥਿਕ ਬੇਵਸੀ ਅਤੇ ਲਾਚਾਰੀ ਤੋਂ ਮੁਕਤ ਨਹੀਂ ਹੋ ਸਕਦੇ ਸਨ।

ਰੋਜ਼ੀ-ਰੋਟੀ ਕਮਾਉਣ ਲਈ ਨਵੇਂ ਕਿੱਤਿਆਂ ਦੀ ਤਲਾਸ਼ ਕਰਨਾ ਜ਼ਰੂਰੀ ਹੋ ਗਿਆ ਸੀ। ਪੰਜਾਬ ਵਿਚ ਬਰਤਾਨਵੀ ਹਕੂਮਤ ਦੀ ਸਥਾਪਤੀ ਨੇ ਬਹੁਪੱਖੀ ਰੁਜ਼ਗਾਰ, ਨੌਕਰੀਆਂ ਅਤੇ ਕਾਰੋਬਾਰ ਦੇ ਨਵੇਂ ਵਸੀਲੇ ਪੈਦਾ ਕੀਤੇ। ਫ਼ੌਜ ਦੀ ਸਹੂਲਤ ਅਤੇ ਕੱਚੇ ਮਾਲ ਦੀ ਢੋਆ-ਢੁਆਈ ਲਈ ਬਰਤਾਨਵੀ ਹਕੂਮਤ ਨੇ ਪੰਜਾਬ ਅਤੇ ਭਾਰਤ ਦੇ ਬਾਕੀ ਪ੍ਰਾਂਤਾਂ ਵਿਚ ਰੇਲਵੇ ਲਾਈਨਾਂ ਅਤੇ ਸੜਕਾਂ ਦਾ ਨਿਰਮਾਣ ਵੱਡੀ ਪੱਧਰ 'ਤੇ ਕੀਤਾ ਜਿਸ ਨੇ ਮਜ਼ਦੂਰਾਂ ਅਤੇ ਦਸਤਕਾਰਾਂ ਲਈ ਬੇਸ਼ੁਮਾਰ ਰੁਜ਼ਗਾਰ ਦੇ ਸਾਧਨ ਪੈਦਾ ਕੀਤੇ। ਪੱਛਮੀ ਪੰਜਾਬ ਵਿਚ ਬਰਤਾਨਵੀ ਸਰਕਾਰ ਨੇ ਵੱਡੇ ਪੱਧਰ 'ਤੇ ਕਾਸ਼ਤਕਾਰੀ ਪੈਦਾਵਾਰ ਵਧਾਉਣ ਲਈ ਖੇਤੀ ਦੀ ਨਵੀਂ ਤਕਨੀਕ ਅਪਣਾਈ ਅਤੇ ਨਵੇਂ ਬੀਜ ਪੈਦਾ ਕੀਤੇ। ਪੰਜਾਬ ਦੇ ਦਰਿਆਵਾਂ (ਸਤਲੁਜ, ਰਾਵੀ, ਜੇਹਲਮ ਅਤੇ ਸਿੰਧ) ਵਿਚੋਂ ਨਹਿਰਾਂ ਕੱਢੀਆਂ, ਬਾਰਾਂ ਵਸਾਈਆਂ, ਜਿਨ੍ਹਾਂ ਵਿਚ ਨਹਿਰੀ ਸੰਚਾਈ, ਸੜਕਾਂ ਅਤੇ ਮਾਰਕਿਟ ਦੀਆਂ ਸਹੂਲਤਾਂ ਪ੍ਰਦਾਨ ਕੀਤੀਆਂ। ਰੇਲਵੇ ਲਾਈਨਾਂ ਰਾਹੀਂ ਇਨ੍ਹਾਂ ਬਾਰਾਂ ਦੀਆਂ ਦਾਲਾਂ, ਕਣਕ, ਕਪਾਹ ਅਤੇ ਕਮਾਦ ਆਦਿ ਦੀਆਂ ਪੈਦਾਵਾਰ ਦੀ ਢੁਆਈ ਨੂੰ ਕਰਾਚੀ ਬੰਦਰਗਾਹ ਨਾਲ ਜੋੜਿਆ। ਇਨ੍ਹਾਂ ਰੇਲਵੇ ਲਾਈਨਾਂ ਰਾਹੀਂ ਭਾਰਤ ਦੇ ਵੱਡੇ ਸ਼ਹਿਰਾਂ (ਬੰਬਈ, ਕਲਕੱਤਾ, ਦਿੱਲੀ, ਮਦਰਾਸ) ਵਿਚ ਵੀ ਲੋੜ ਅਨੁਸਾਰ ਜ਼ਰਾਇਤੀ ਪੈਦਾਵਾਰ ਭੇਜੀ ਗਈ। ਬਰਤਾਨਵੀ ਸਰਕਾਰ ਨੇ ਪਹਿਲੀ ਵਾਰ ਜ਼ਰਾਇਤੀ ਅਰਥ-ਵਿਵਸਥਾ ਨੂੰ ਬਰਤਾਨਵੀ ਸਾਮਰਾਜ ਦੀ ਅਰਥ-ਵਿਵਸਥਾ ਨਾਲ ਜੋੜਿਆ। ਵਧੀ ਹੋਈ ਪੈਦਾਵਾਰ ਨੇ ਪੰਜਾਬ ਦੇ ਵਸਨੀਕਾਂ ਦੀ ਆਰਥਿਕ ਹਾਲਤ ਨੂੰ ਸੁਖਾਲਾ ਨਹੀਂ ਕੀਤਾ ਕਿਉਂਕਿ ਵਧੀ ਹੋਈ ਪੈਦਾਵਾਰ ਬਰਾਮਦ ਕਰ ਦਿੱਤੀ ਜਾਂਦੀ ਸੀ। ਇਸ ਦਾ ਸਿੱਧਾ ਫ਼ਾਇਦਾ ਇੰਗਲੈਂਡ ਦੇ ਉਦਯੋਗਪਤੀਆਂ ਅਤੇ ਵਿਉਪਾਰਕ ਸ਼੍ਰੇਣੀਆਂ ਨੂੰ ਜ਼ਰੂਰ ਹੋਇਆ। ਪੈਦਾਵਾਰ ਦੀਆਂ ਕੀਮਤਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਗ ਅਨੁਸਾਰ ਤਹਿ ਹੋਣ ਲੱਗੀਆਂ। ਜ਼ਰਾਇਤੀ ਪ੍ਰਸਾਰ ਅਤੇ ਵਧੀ ਹੋਈ ਪੈਦਾਵਾਰ ਦੇ ਬਾਵਜੂਦ ਵੀ ਪੰਜਾਬ ਅਤੇ ਪੰਜਾਬ ਤੋਂ ਬਾਹਰ ਕਾਲ (drought) ਅਤੇ ਭੁੱਖਮਰੀ ਦੂਰ ਨਹੀਂ ਹੋਈ।

ਜ਼ਰਾਇਤੀ-ਪ੍ਰਸਾਰ ਦੇ ਰਾਹੀਂ ਪੰਜਾਬ ਸਰਕਾਰ ਨੇ ਵਫ਼ਾਦਾਰ ਧਨਾਢਾਂ ਅਤੇ ਮੱਧ ਸ਼੍ਰੇਣੀ ਦੇ ਕਾਸ਼ਤਕਾਰਾਂ ਦੀਆਂ ਸ਼੍ਰੇਣੀਆਂ ਪੈਦਾ ਕੀਤੀਆਂ, ਜਿਨ੍ਹਾਂ



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨੈਰੋਬੀ, ਕੀਨੀਆ।
(ਇਹ ਤਸਵੀਰ ਅਫ਼ਰੀਕਾ ਵਿਚ ਸਿੱਖਾਂ ਉੱਤੇ ਲਿਖੀ ਗਈ B.P.S. Walia ਦੀ ਪੁਸਤਕ *Gurdwaras of Africa* ਵਿੱਚੋਂ ਲਈ ਗਈ ਹੈ।)

ਨੇ ਬਰਤਾਨਵੀ ਸਰਕਾਰ ਨੂੰ ਮਜ਼ਬੂਤ ਕੀਤਾ। ਜਿਉਂ ਦੇਸ਼ ਭਗਤਾਂ ਨੇ ਆਜ਼ਾਦੀ ਦੇ ਸੰਗਰਾਮ ਨੂੰ ਤੇਜ਼ ਕੀਤਾ, ਇਹ ਸ਼੍ਰੇਣੀਆਂ ਜਾਰਜ ਪੰਚਮ ਪਾਤਸ਼ਾਹ ਦੇ ਸਾਮਰਾਜ ਦੀ ਹਿਫਾਜ਼ਤ ਲਈ ਡਟ ਕੇ ਖੜ੍ਹੀਆਂ ਹੋਈਆਂ। ਦੇਸ਼ ਭਗਤਾਂ ਦੀ ਭਾਸ਼ਾ ਵਿਚ ਇਨ੍ਹਾਂ ਨੂੰ ਟੋਡੀ ਜਾਂ ਝੋਲੀ-ਚੁੱਕ ਕਿਹਾ ਜਾਂਦਾ ਸੀ। ਇਨ੍ਹਾਂ ਵਿਚ ਜ਼ਿਮੀਂਦਾਰ, ਜਗੀਰਦਾਰ, ਸੇਵਾਮੁਕਤ ਸੈਨਿਕ ਅਤੇ ਪੁਲਿਸ ਅਫ਼ਸਰ ਹੁੰਦੇ ਸਨ। ਇਨ੍ਹਾਂ ਲਈ ਇਨ੍ਹਾਂ ਦੇ ਰੁਤਬੇ ਅਤੇ ਰਾਜ ਸੇਵਾ ਅਨੁਸਾਰ ਬਾਰਾਂ ਵਿਚ ਮੁਰੱਬੇ ਰਾਖਵੇਂ ਰੱਖੇ ਜਾਂਦੇ ਸਨ। ਜਿਹੜੇ ਖ਼ਾਨਦਾਨੀ ਸਰਦਾਰ ਘੋੜੇ ਅਤੇ ਊਠ ਸਰਕਾਰ ਲਈ ਪਾਲਦੇ ਸਨ, ਉਨ੍ਹਾਂ ਨੂੰ ਵਾਧੂ ਭੱਤੇ ਵਜੋਂ ਮੁਰੱਬੇ ਦਿੱਤੇ ਜਾਂਦੇ ਸਨ। ਟੋਡੀਆਂ ਦੀ ਇਸ ਜਮਾਤ ਨੇ ਅੰਗਰੇਜ਼ ਵਿਰੋਧੀ ਪੰਜਾਬੀਆਂ ਨੂੰ ਕੁਚਲਣ ਵਿਚ ਅੰਗਰੇਜ਼ ਹਕੂਮਤ ਦੀ ਤਨ ਅਤੇ ਧਨ ਨਾਲ ਮਦਦ ਕੀਤੀ।

ਬਦੇਸ਼ਾਂ ਵਿਚ ਗੁਰਦੁਆਰਿਆਂ ਦੀ ਸਥਾਪਤੀ ਪਰਵਾਸੀ ਸਿੱਖਾਂ (ਭਾਰਤੀ) ਦੀ ਜੀਵਨ ਸ਼ੈਲੀ ਵਿਚ ਬਦਲਾਵ ਅਤੇ ਵਿਕਾਸ ਦੇ ਸੂਚਕ ਸਨ। ਭਾਈਚਾਰਕ ਸੰਸਥਾਵਾਂ ਉਦੋਂ ਹੀ ਸਥਾਪਿਤ ਹੁੰਦੀਆਂ ਹਨ ਜਦੋਂ ਉਸ ਭਾਈਚਾਰੇ ਦੀ ਜਨਸੰਖਿਆ ਵਧ ਜਾਵੇ ਅਤੇ ਉਸ ਦੇ ਆਰਥਿਕ ਸ੍ਰੋਤ ਕਾਫ਼ੀ ਹੋਣ ਅਰਥਾਤ ਉਸ ਬਦੇਸ਼ੀ ਇਲਾਕੇ ਵਿਚ ਉਹ ਲੰਮੇ ਸਮੇਂ ਲਈ ਜਾਂ ਸਥਾਈ ਤੌਰ ’ਤੇ ਰਹਿਣਾ ਚਾਹੁੰਦੇ ਸਨ। ਧਾਰਮਿਕ (ਅਤੇ ਵਿੱਦਿਅਕ) ਸੰਸਥਾਵਾਂ ਦੀ ਸਥਾਪਤੀ ਇਸ ਗੱਲ ਦੀ ਵੀ ਸੂਚਕ ਹੈ ਕਿ ਉਸ ਮੁਲਕ ਦੀ ਹਕੂਮਤ ਫਰਾਖ਼ਦਿਲ ਸੀ। ਉਹ ਗ਼ੈਰ-ਮੁਲਕੀ ਲੋਕਾਂ ਨੂੰ ਆਪਣੇ ਧਰਮ ਨੂੰ ਮੰਨਣ ਅਤੇ ਮਰਿਆਦਾ ਅਨੁਸਾਰ ਜੀਵਨ ਜਿਉਣ ਦੀ ਆਜ਼ਾਦੀ ਦਿੰਦੀ ਸੀ। ਉਸ ਹਕੂਮਤ ਨੇ ਗ਼ੈਰ-ਮੁਲਕੀ ਲੋਕਾਂ ਨੂੰ ਆਪਣੀ ਮਾਦਰੀ ਬੋਲੀ ਅਤੇ ਭਾਸ਼ਾ ਨੂੰ ਅਪਨਾਉਣ ਅਤੇ ਵਿਕਸਤ ਕਰਨ ਦੀ ਆਗਿਆ ਦਿੱਤੀ। ਪਰਵਾਸੀ ਸਿੱਖਾਂ ਨੇ ਪਹਿਲੋਂ ਗੁਰਦੁਆਰੇ ਅਤੇ ਬਾਅਦ ਵਿਚ ਸਿੰਘ ਸਭਾਵਾਂ ਅਤੇ ਵਿੱਦਿਅਕ ਸਕੂਲ ਸਥਾਪਿਤ ਕੀਤੇ। 1930 ਈ. ਨੂੰ ਬਰਮਾ ਦੇ ਬੋਡਵਿਨ ਕਸਬੇ ਵਿਚ ਪਹਿਲੋਂ ਆਰਜ਼ੀ ਸਕੂਲ ਸਥਾਪਿਤ ਕੀਤਾ ਫਿਰ ਉਨ੍ਹਾਂ 1 ਅਕਤੂਬਰ 1930 ਨੂੰ ਖਾਲਸਾ ਪ੍ਰਾਇਮਰੀ ਸਕੂਲ ਖੋਲ੍ਹਿਆ। ਸਰਕਾਰੀ ਸਕੂਲਾਂ ਦੀ ਫੀਸ ਅਨੁਸਾਰ ਹੀ ਫੀਸ ਰੱਖੀ ਗਈ। (**ਖਾਲਸਾ ਸਮਾਚਾਰ**, 13 ਨਵੰਬਰ 1930, ਪੰਨੇ 4-5) ਮਲਾਇਆ ਦੇ ਸਭ ਤੋਂ ਵੱਡੇ ਤੇ ਉੱਘੇ ਨਗਰ ਸਿੰਗਾਪੁਰ ਵਿਚ ਖਾਲਸਾ ਜੀ ਦੀ ਭਾਰੀ ਵਸੋਂ ਕਰ ਕੇ ਏਥੇ ਦੋ ਗੁਰਦੁਆਰੇ ਅਤੇ ਪੰਜ ਛੇ ਛੋਟੇ ਗੁਰਦੁਆਰੇ ਅਥਵਾ ਸਭਾਵਾਂ/ਸੁਸਾਇਟੀਆਂ ਸਨ। ਏਥੇ ਬਹੁਤੇ ਸਿੱਖ ਨੌਕਰੀ ਪੇਸ਼ਾ ਵਾਲੇ ਸਨ। ਕੁਝ ਸਿੱਖ ਵਿਆਜ ਦੇਣ ਦਾ ਕਾਰੋਬਾਰ ਵੀ ਕਰਦੇ ਸਨ। ਕਈ ਸਿੱਖ ਸੱਜਣ ਚੰਗੇ ਧਨਾਢ ਸਨ। ਪਰ ਸਮੂਹ ਸਿੱਖ ਧੜਿਆਂ ਵਿਚ ਵੰਡੇ ਹੋਏ ਸਨ। ਇਹ ਧੜੇ ਮਾਝੇ, ਮਾਲਵੇ ਅਤੇ ਦੁਆਬਾ ਦੇ ਖੇਤਰਾਂ ਦੇ ਆਧਾਰ ’ਤੇ ਬਣ ਗਏ ਸਨ ਕਿਉਂਕਿ ਸਿੰਗਾਪੁਰ ਦਿਨੋ-ਦਿਨ ਵਸੋਂ ਅਤੇ ਆਰਥਿਕ ਪੱਖੋਂ ਵਧਦਾ ਜਾ ਰਿਹਾ ਸੀ। ਇਸ ਕਰ ਕੇ ਕੁਝ ਸਿੱਖ ਨੇਤਾ ਕੋਸ਼ਿਸ਼ ਕਰ ਰਹੇ ਸਨ ਕਿ ਪੰਥਕ ਏਕਤਾ ਨਾਲ ਗੁਰਦੁਆਰੇ ਥੋੜ੍ਹੇ ਚਿਰ ਨੂੰ ਪੰਥ ਦੀ ਵਡਮੁੱਲੀ ਜਾਇਦਾਦ ਬਣ ਸਕਦੇ ਸਨ। ਉਨ੍ਹਾਂ ਦੀਆਂ ਇਮਾਰਤਾਂ ਆਲੀਸ਼ਾਨ ਬਣਾਉਣੀਆਂ ਚਾਹੀਦੀਆਂ ਹਨ। (**ਖਾਲਸਾ ਸਮਾਚਾਰ**, 26 ਮਾਰਚ 1931, ਪੰਨਾ 4)

ਪੂਰਬੀ ਏਸ਼ੀਆਈ ਮੁਲਕਾਂ ਵਿਚ ਬਰਤਾਨਵੀ ਸਾਮਰਾਜ ਦੇ ਪਾਸਾਰ ਨਾਲ ਸਿੱਖਾਂ ਨੂੰ ਇਨ੍ਹਾਂ ਮੁਲਕਾਂ ਵਿਚ ਮਿਹਨਤ-ਮਜ਼ਦੂਰੀ ਕਰਨ ਦਾ ਮੌਕਾ ਮਿਲਿਆ। ਮਲਾਇਆ ਦੇ ਟਾਪੂ ਵਿਚ 1917 ਦੇ ਸਾਲ ਵਿਚ 200 ਦੇ ਕਰੀਬ ਸਿੱਖ ਵੱਸਦੇ ਸਨ। ਉਨ੍ਹਾਂ ਵਿਚੋਂ ਬਹੁਤੇ ਪਰਿਵਾਰ ਮਿਹਨਤਕਸ਼ ਸਨ। ਬਰਤਾਨਵੀ ਪਾਤਸ਼ਾਹ ਦੇ ਪ੍ਰਤੀ ਹਮਦਰਦੀ ਪ੍ਰਗਟ ਕਰਨ ਲਈ ਉਨ੍ਹਾਂ ਨੇ 270 ਪੌਂਡ ਰੈਡ ਕਰਾਸ ਫੰਡ ਵਿਚ ਸਹਾਇਤਾ ਵਜੋਂ ਦਿੱਤੇ। (**ਖਾਲਸਾ ਸਮਾਚਾਰ**, 6 ਦਸੰਬਰ 1917, ਪੰਨਾ 2)

ਬਰਮਾ ਵਿਚ ਅੰਗਰੇਜ਼ੀ ਰਾਜ ਸਥਾਪਿਤ ਹੋਣ ਨਾਲ, ਸਿੱਖ ਸੈਨਿਕਾਂ ਨੇ ਗੁਰਮਤ ਅਨੁਸਾਰ ਮਰਿਆਦਾ ਨਿਭਾਉਣ ਲਈ ਮਿਲਟਰੀ ਹਦੂਦ ਦੇ ਅੰਦਰ ਗੁਰਦੁਆਰੇ ਬਣਾਏ। 1890 ਈ. ਵਿਚ ਗੁਰਦੁਆਰਾ ਸਿੰਬੂ ਬਣਾਇਆ ਅਤੇ ਲੰਗਰ ਦਾ ਵੀ ਪ੍ਰਬੰਧ ਕੀਤਾ। 1942 ਈ. ਵਿਚ ਜਦੋਂ ਜਾਪਾਨ ਨੇ ਹਮਲਾ ਕੀਤਾ ਤ੍ਹਾਂ ਸਿੱਖ ਸੈਨਿਕ ਏਥੋਂ ਚਲੇ ਗਏ। ਮਿਲਟਰੀ ਦੀ ਪ੍ਰਵਾਨਗੀ ਹੋਈ ਤਾਂ ਸਿੱਖ ਸੈਨਿਕਾਂ ਨੇ ਖ਼ਾਸ-ਖ਼ਾਸ ਸ਼ਹਿਰਾਂ ਵਿਚ ਧਾਰਮਿਕ ਮਰਿਆਦਾ ਲਈ ਗੁਰਦੁਆਰੇ ਬਣਾਏ। ਫਿਰ ਇਨ੍ਹਾਂ ਨੂੰ ਸਿੱਖ ਜਨਤਾ ਦੇ ਹਵਾਲੇ ਕਰ ਦਿੱਤਾ। ਗੁਰਦੁਆਰੇ ਬਣਾਉਣ ਦੀ ਪ੍ਰਕ੍ਰਿਆ ਫ਼ੌਜੀ ਸਿੱਖ ਸਰਦਾਰਾਂ ਵੱਲੋਂ ਹਿੰਦੋਸਤਾਨ ਦੇ ਗਵਰਨਰ ਜਨਰਲ ਵਾਇਸਰਾਏ ਦੀ ਪ੍ਰਵਾਨਗੀ ਨਾਲ ਸ਼ੁਰੂ ਹੋਈ। 1893 ਈਸਵੀ ਨੂੰ ਇਨ੍ਹਾਂ ਫ਼ੌਜੀਆਂ ਨੇ ਗਵਰਨਰ ਜਨਰਲ ਨੂੰ ਮੇਜਰਨਾਵਾਂ ਭੇਜ ਕੇ ਮੰਗ ਕੀਤੀ ਕਿ ਸਥਾਨਕ ਸਿੱਖ ਸੰਗਤ ਲਈ ਗੁਰਦੁਆਰਾ ਬਣਾਉਣ ਲਈ ਜਗ੍ਹਾ ਦਿੱਤੀ ਜਾਵੇ। ਸਰਕਾਰ ਨੇ ਸਾਰੇ ਟੈਕਸ ਮੁਆਫ਼ ਕਰ ਦਿੱਤੇ। 1894 ਈ. ਵਿਚ ਗੁਰਦੁਆਰੇ ਦੀ ਬਿਲਡਿੰਗ ਤਿਆਰ ਹੋ ਗਈ ਅਤੇ 1897 ਈ. ਵਿਚ ਸਰਕਾਰ ਵੱਲੋਂ ਇਸ ਨੂੰ ਪ੍ਰਵਾਨਗੀ ਦਿੱਤੀ ਗਈ। ਅਖੰਡ ਪਾਠ ਦੇ ਭੋਗ ਨਾਲ ਗੁਰਦੁਆਰਾ ਸ਼ੁਰੂ ਹੋ ਗਿਆ। 22 ਅਗਸਤ, 1900 ਈ. ਨੂੰ ਇਕ ਹੋਰ ਮੇਜਰਨਾਵੇਂ ਦੀ ਪ੍ਰਵਾਨਗੀ ਉਪਰੰਤ ਰਿਹਾਇਸ਼ੀ ਕਮਰੇ ਬਣਾਏ ਗਏ।

1902-03 ਈ. ਵਿਚ ਯੌਂਗਵੇ ਦੇ ਸਥਾਨ ’ਤੇ ਸਹਿਜਧਾਰੀ ਸਿੱਖਾਂ ਅਤੇ ਖਾਲਸਾ ਸਿੱਖਾਂ ਨੇ ਵਸੇਬਾ ਕੀਤਾ। ਇਹ ਸਿੱਖ ਪੱਛਮੀ ਪੰਜਾਬ ਦੇ ਵਾਸੀ ਸਨ ਅਤੇ ਇਨ੍ਹਾਂ ਦਾ ਗੁਰਬਾਣੀ ਤੇ ਸਿੱਖੀ ਨਾਲ ਬਹੁਤ ਪਿਆਰ ਸੀ। ਆਰੰਭ ਵਿਚ ਇਨ੍ਹਾਂ ਪ੍ਰੇਮੀਆਂ ਦੇ ਇਕ-ਦੋ ਘਰਾਂ ਵਿਖੇ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਜਾਂਦਾ ਸੀ। 1906-07 ਈ. ਦੇ ਕਰੀਬ ਡਾ. ਜੀਵਨ ਸਿੰਘ ਸਿਵਲ ਹਸਪਤਾਲ ਬਦਲ ਕੇ ਆ ਗਏ। ਗੁਰੂ ਘਰ ਦਾ ਪ੍ਰੇਮੀ ਹੋਣ ਕਰਕੇ, ਡਾ. ਜੀਵਨ ਸਿੰਘ ਨੇ ਸਥਾਨਕ ਸਿੱਖਾਂ ਨੂੰ ਪ੍ਰੇਰਨਾ ਦਿੱਤੀ ਕਿ ਉਹ ਗੁਰਦੁਆਰਾ ਬਣਾਉਣ। ਸੰਗਤ ਨੇ ਜਗ੍ਹਾ ਮੁੱਲ ਖ਼ਰੀਦ ਕੇ ਹੇਠਲਾ ਹਿੱਸਾ ਪੱਕਾ ਅਤੇ ਪਹਿਲੀ ਮੰਜ਼ਲ ਲੱਕੜ ਦੇ ਕਮਰੇ ਨਾਲ ਬਣਾ ਦਿੱਤੀ। ਗੁਰਦੁਆਰੇ ਦਾ ਆਰੰਭ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਨਾਲ ਕੀਤਾ ਗਿਆ। ਸੰਗਤ ਦੇ ਵੱਡੇ ਇਕੱਠ ਨੇ ਹਾਜ਼ਰੀ ਲੁਆਈ।


ਅਨਾਥ ਬੱਚਿਆਂ ਦੀ ਵਿੱਦਿਆ ਤੇ ਸੰਭਾਲ ਵਾਸਤੇ ਸੰਤ ਸੂਰਜ ਸਿੰਘ ਜੀ ਪ੍ਰਚਾਰਕ ਦੀ ਪ੍ਰੇਰਨਾ ਨਾਲ ਸਾਗੈਂਗ (SAGAING) ਵਿਖੇ 1905 ਈ. ਵਿਚ ਇਕ ਯਤੀਮਖਾਨਾ ਖੋਲ੍ਹਿਆ ਗਿਆ। ਫਿਰ ਸਰਦਾਰ ਚੇਤ ਸਿੰਘ, ਪ੍ਰਧਾਨ ਸਵੇਬੋ; ਉਤਮ ਸਿੰਘ ਲਿਖਾਰੀ, ਸਕੱਤਰ ਯੂਟੌਂਗ ਤੇ ਮੈਨੇਜਰ ਭਾਈ ਸੁਰੈਣ ਸਿੰਘ ਨਿਯੁਕਤ ਕੀਤੇ ਗਏ। ਯਤੀਮਖਾਨੇ ਦੇ ਨਾਲ ਕੰਨਿਆ ਪਾਠਸ਼ਾਲਾ ਵੀ ਖੋਲ੍ਹੀ ਗਈ। ਇਹ ਆਸ਼ਰਮ ਜੂਨ 1918 ਤਕ ਚੱਲਦਾ ਰਿਹਾ। ਫਿਰ ਤਬਦੀਲ ਕਰਕੇ ਮਾਂਡਲੇ ਸਥਾਪਿਤ ਕੀਤਾ ਗਿਆ। ਹੌਲੀ-ਹੌਲੀ ਇਹ ਸਕੂਲ ਬਣਾ ਦਿੱਤਾ।

ਬਰਮਾ ਦੇ ਗੁਰਦੁਆਰਿਆਂ ਅਤੇ ਸਕੂਲਾਂ ਦੇ ਪ੍ਰਬੰਧ ਦੀ ਬਣਤਰ ਪੰਜਾਬ ਵਿਖੇ ਚੀਫ਼ ਖਾਲਸਾ ਦੀਵਾਨ ਦੇ ਸੰਗਠਨ ਅਨੁਸਾਰ ਬਣਾਈ ਗਈ। ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਖਾਲਸਾ ਦੀਵਾਨ, ਬਰਮਾ ਦਾ ਸੰਗਠਨ ਹੋਇਆ। 8 ਅਪ੍ਰੈਲ, 1920 ਈ. ਨੂੰ ਮੇਮਿਉਂ ਵਿਖੇ ਇਕ

(ਬਾਕੀ ਪੰਨਾ 11 ’ਤੇ)

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




ਭਗੀਰਥ ਨੇ ਆਖਿਆ-ਭਾਈ! ਮੈਂ ਲਾਹੌਰ ਵਿਚ ਇਕ ਰਾਤ ਤੋਂ ਵਧੀਕ ਨਹੀਂ ਰਹਿਣਾ, ਜੇ ਰਹਾਂ ਤਾਂ ਮੇਰਾ ਜਨਮ ਵਿਗੜੇਗਾ, ਸੋ ਜੋ ਕੁਛ ਹੋ ਸਕਦਾ ਹੈ, ਕਲ ਤਕ ਸਾਰਾ ਪ੍ਰਬੰਧ ਕਰ ਦਿਓ। ਮਨਸੁਖ ਨੇ ਅਚੰਭਾ ਹੋਕੇ ਕਿਹਾ- ਭਲਾ ਹੋਵੀ ਸੱਜਣਾਂ! ਜੇ ਤੇਰਾ ਮਾਲਕ ਕੋਈ ਡਾਢਾ ਹੈ ਤੇ ਉਸ ਦਾ ਹੁਕਮ ਹੈ ਕਿ ਇਕ ਰਾਤ ਤੋਂ ਵਧੀਕ ਨਾ ਰਹਵੀ, ਤਾਂ ਤੇ ਹੋ ਸਕਦਾ ਹੈ ਕਿ ਵੱਧ ਰਹੇਂ ਤਾਂ ਉਹ ਤੈਨੂੰ ਦੰਡ ਦੇਵੇ? ਪਰ ਉਹ ਕੌਣ ਹੈ ਜਿਸ ਦੇ ਕਹੇ ਨੂੰ ਨਾ ਪੂਰਾ ਕਰਨੇ ਤੇ ਜਨਮ ਵਿਗੜਦਾ ਹੈ? ਭਗੀਰਥ ਨੇ ਕਿਹਾ- ਭਾਈ ਮੇਰਾ ਮਾਲਕ ਮੇਰੀ ਤਨਖਾਹ ਦੇਣ ਵਾਲਾ ਨਹੀਂ, ਉਹ ਮੇਰਾ ਗੁਰੂ ਹੈ ਤੇ ਗੁਰੂ ਦਾ ਹੁਕਮ ਪੂਰਾ ਨਾ ਕਰਨੇ ਤੇ ਜਨਮ ਵਿਗੜਦਾ ਹੈ। ਮਨਸੁਖ ਬੋਲਿਆ ਭਾਈ ਕਲੂਕਾਲ ਦਾ ਸਮਾਂ ਹੈ, ਮਤਲਬ ਲਈ ਗੁਰੂ, ਮਤਲਬ ਲਈ ਚੇਲੇ ਤੇ ਮਤਲਬ ਗੁਰੂ ਦੀ ਨਿੰਦਾ ਕਰਨ ਵਾਲੇ ਤੇ ਗੁਰੂ ਚੇਲੇ ਦੀ ਰਹੁਰਾਸ ਨੂੰ ਨਿੰਦਣ ਵਾਲੇ। ਐਸਾ ਕੌਣ ਗੁਰੂ ਇਸ ਜੁਗ ਵਿਚ ਹੈ ਕਿ ਜਿਸ ਦਾ ਹੁਕਮ ਮੋੜਨੇ ਤੇ ਜਨਮ ਵਿਗੜ ਸਕਦਾ ਹੈ? ਭਗੀਰਥ ਨੇ ਕਿਹਾ-ਭਾਈ! ਹੈ ਤਾਂ ਉਹ ਤੇਰੇ ਵਰਗਾ ਗਦੀ ਲਾਕੇ ਬੈਠਾ ਹੋਯਾ ਹਟ ਪਟਣ ਬਾਜ਼ਾਰ ਵਾਲਾ, ਤੋਲਦਾ ਹੈ, ਦੇਂਦਾ ਹੈ ਤੇ ਵਪਾਰ ਕਰਦਾ ਹੈ, ਪਰ ਅਤੀਤਾਂ ਤੋਂ ਵੱਧ ਅਤੀਤ। ਮਾਇਆ ਨਾਲ ਮੋਹ ਨਹੀਂ, ਜਿੰਨੀ ਮਿਲਦੀ ਹੈਸੁ ਸਾਰੀ ਲੋੜਵੰਦਾਂ ਤੇ ਅਰ ਦੁਖੀਆਂ ਦੇ ਦੁਖ ਹਰਨ ਤੇ ਲਾ ਛੋੜਦਾ ਹੈ। ਫੇਰ ਆਪਣੇ ਸਾਂਈਂ ਨਾਲ ਐਸਾ ਜੁੜਿਆ ਹੈ ਕਿ ਉਸ ਦਾ ਰੂਪ ਹੋ ਗਿਆ ਹੈ, ਜਿਵੇਂ ਸੋਨੇ ਦਾ ਗੋਲਾ ਅੱਗ ਵਿਚ ਪਿਆ ਰਹੇ ਤਾਂ ਅੱਗ ਦਾ ਰੂਪ ਹੀ ਹੋ ਜਾਂਦਾ ਹੈ। ਭਾਈ ਮੈਨੂੰ ਸਮਝ ਨਹੀਂ, ਉਹ ਤਾਂ ਆਪ ਹੀ ਅਗਨੀ ਦਾ ਰੂਪ ਹੈ ਸਾਰਾ। ਸੋ ਉਸ ਦਾ ਹੁਕਮ ਪੂਰਾ ਕਰਨਾ ਆਪਣੇ ਆਪ ਨੂੰ ਉਸਦਾ ਪਿਆਰ ਪਾਤ੍ਰ ਬਨਾਉਣਾ ਹੈ। ਹੁਕਮ ਮੈਨੂੰ ਇਹ ਹੈ ਕਿ ਇਕ ਰਾਤ ਤੋਂ ਵੱਧ ਲਾਹੌਰ ਨਹੀਂ ਠਹਿਰਨਾ, ਜਾਪਦਾ ਹੈ ਕਿ ਜਿਸ ਲਈ ਇਹ ਸੌਜ ਅਣਵਾਈ ਹੈ, ਉਸ ਦਾ ਕਾਰਜ ਬਹੁਤ ਕਾਹਲੀ ਦਾ ਹੈ। ਮਨਸੁਖ ਬੋਲਿਆ-ਹੱਛਾ ਬਈ, ਪਰ ਅਚਰਜ ਹੈ ਕਲੂਕਾਲ ਤੇ ਐਸਾ ਪੂਰਾ ਗੁਰੂ!..... ਮੈਂ ਬੀ ਬਹੁਤ ਤਲਾਸ਼ ਕੀਤੀ ਸੀ ਪਰ ਭਟਕਣਾ ਹੀ ਪੱਲੇ ਪਈ ਹੈ। ਹਛਾ........ਤੇਰਾ ਕੰਮ ਕਰਦੇ ਹਾਂ..... ਸਾਨੂੰ ਬੀ ਲੈ ਚੱਲ ਖਾਂ ਨਾਲ, ਅਸੀਂ ਬੀ ਪਰਤਾਵਾ ਲਈਏ ਕਿ ਪੂਰਾ ਹੈ ਜੈਸਾ ਤੁਸਾਂ ਨੇ ਆਖਿਆ ਹੈ ਕਿ ਤੁਸੀਂ ਐਵੇਂ ਮੰਨ ਬੈਠੇ ਹੋ ਪੂਰਾ। ਭਗੀਰਥ ਬੋਲਿਆ-ਫੇਰ ਮੇਰਾ ਕਾਰਜ ਕਰ ਦਿਓ ਤੇ ਆਪ ਸੁਖਾਂ ਨਾਲ ਮੇਰੀਆਂ ਅੱਖੀਆਂ ਤੇ ਚੱਲੋ। ਮਨਸੁਖ ਨੇ ਆਖਿਆ-ਭਾਈ ਹੋਰ ਸਾਮਾਨ ਤਾਂ ਕਲ ਖਰੀਦ ਕੇ ਕੁਛ ਅੱਜ ਪ੍ਰਬੰਧ ਕਰਕੇ ਪਿਛਲੇ ਪਹਿਰ ਟੁਰ ਸਕਦੇ ਹਾਂ, ਪਰ ਚੂੜੇ ਦਾ ਕੰਮ ਔਖੇਰਾ ਹੈ, ਉਸਦੀ ਵਿਉਂਤ ਮੈਂ ਇਹ ਸੋਚੀ ਹੈ ਕਿ ਮੇਰੇ ਪਾਸ ਇਕ ਬਣਿਆ ਪਿਆ ਹੈ ਨਵਾਂ ਨਕੋਰ, ਉਹ ਲੈ ਚਲਦੇ ਹਾਂ, ਪਰ ਮੈਨੂੰ ਇਕ ਗਲ ਦੱਸ ਜੋ ਵਿਆਹ ਉਨ੍ਹਾਂ ਦੇ ਆਪਣੇ ਕਿਸੇ ਦਾ ਹੈ ਯਾ ਲੋੜਵੰਦ ਦਾ। ਭਗੀਰਥ ਨੇ ਕਿਹਾ-ਬਈ ਵਿਆਹ ਹੈ ਇਕ ਮੇਰੀ ਜਾਚੇ ਗ੍ਰੀਬ ਹੋ ਗਏ ਦੀ ਧੀ ਦਾ। ਉਹ ਖਤ੍ਰੀ, ਅਣਖਾਂ ਵਾਲਾ, ਪਰ ਅਤਿ ਗ੍ਰੀਬ ਤੇ ਦੁਖੀ ਹੈ, ਉਸ ਆਕੇ ਅਰਦਾਸ ਕੀਤੀ ਸਹਾਇਤਾ ਲਈ, ਤਦ ਗੁਰੂ ਨੇ ਤਰਸ ਖਾਧਾ ਉਸਦੀ ਦੁਖ ਪੀੜਾ ਤੇ ਉਸ ਦੀ ਅਣਖ ਤੇ ਇੱਜ਼ਤ ਤੇ, ਚੰਗੇ ਘਰ ਮੰਗੀ ਧੀ ਥੋੜਾ ਬਹੁਤ ਦਾਜ ਦੌਣ ਦਿੱਤੇ ਬਿਨਾਂ ਵਿਆਹੀ ਨਹੀਂ ਜਾ ਸਕਦੀ। ਚਾਹੇ ਥੋੜਾ ਹੋਵੇ, ਪਰ ਤਦ ਬੀ ਸਾਲੂ ਵਿਚ ਲਪੇਟਣਾ ਤੇ ਦੰਦ ਦੇ ਚੂੜੇ ਨਾਲ ਹੀ ਸਹੀ ਹਥ ਰਤੇ ਕਰਕੇ ਟੋਰਨਾ ਤੇ ਚਾਰ ਸਰੀਰਾਂ ਦੇ ਹੱਥ ਧੁਆਕੇ ਟੋਰਨਾ, ਇੰਨਾਂ ਤਾਂ ਜ਼ਰੂਰੀ ਹੋਇਆ ਨਾ। ਇਸ ਕਰਕੇ ਉਹ ਹਰ ਇਨਸਾਨੀ ਪੀੜਾ ਨੂੰ ਹਰਨਹਾਰ ਤੇ ਪਿਆਰਾਂ ਦੇ ਸਾਈਂ ਮੇਰੇ ਗੁਰੂ ਨੇ ਮੈਨੂੰ ਟੋਰਿਆ ਕਿ ਲਾਹੌਰੋਂ ਜਾ ਕੇ ਸਾਮਾਨ ਲੈ ਆਓ। ਇਸ ਤਰ੍ਹਾਂ ਦੀ ਵਾਰਤਾਲਾਪ ਦੇ ਮਗਰੋਂ ਭਗੀਰਥ ਨੇ ਆਰਾਮ ਕੀਤਾ ਤੇ ਅਗਲੇ ਦਿਨ ਸਾਰਾ ਸਾਮਾਨ ਲੈਕੇ ਦੋਇ ਜਣੇ ਟੁਰ ਪਏ। ਜਦ ਸੁਲਤਾਨਪੁਰੇ ਗੁਰੂ ਜੀ ਪਾਸ ਪਹੁੰਚੇ ਤਾਂ ਗੁਰੂ ਬਾਬੇ ਆਖਿਆ:-

**ਆਉ ਭਗੀਰਥ ਪਰਉਪਕਾਰੀ। ਮਨ ਮਲਯਾਗਰ ਰੀਤਿ ਵਿਚਾਰੀ।**
**ਪੂਰਬ ਥੋ ਮਨਸੁਖ ਇਹ ਕਾਚਾ॥ ਕੀਯੋ ਚਹਤ ਨਾਮ ਅਬ ਸਾਚਾ।**

(ਗੁ ਨਾ: ਪ੍ਰਕਾਸ਼)

ਆ ਭਾਈ ਮਨਸੁਖ! ਸੁਖੀ ਨਹੀਂ ਮਨ ਤੋਂ ਪਰ ਹੁਣ ਮਨ ਸੁਖੀ ਹੋ ਵੈਸੀ। ਬਿਨਾਂ ਦਸੇ ਆਉਂਦੇ ਸਾਰ ਆਪਣਾ ਨਾਮ ਸੁਣਕੇ ਮਨਸੁਖ ਅਚੰਭਾ ਰਹਿ ਗਿਆ। ਫੇਰ ਸਤਿਗੁਰੂ ਦੇ ਚਿਹਰੇ ਦਾ ਜਲਾਲ ਨਜ਼ਰੀਂ ਪਿਆ, ਚਰਨੀਂ ਪੈ ਗਿਆ, ਦਿਲ ਖੁਸ਼ ਹੋ ਗਿਆ। ਫੇਰ ਉਥੇ ਹੀ ਰਹਿ ਪਿਆ। ਗੁਰੂ ਦੀ ਰਹੁਰੀਤਿ ਵੇਖੀ, ਸਿੱਖਿਆ ਲਈ, ਅਮਲ ਕੀਤਾ ਤਾਂ ਸਚੀ ਮੁਚੀ ਉਸ ਦਾ ਮਨ ਸੁਖੀ ਹੋ ਗਿਆ। ਉਸ ਨੇ ਨਾਮ ਆਰਾਧਿਆ, ਬਾਣੀ ਸਿੱਖੀ ਤੇ ਯਾਦ ਕੀਤੀ। ਬਾਣੀ ਪੜ੍ਹੇ ਵੀਚਾਰੇ ਕੀਰਤਨ ਬੀ ਕਰੇ। ਫੇਰ ਕੁਛ ਸਮੇਂ ਬਾਦ ਲਾਹੌਰ ਗਿਆ ਤੇ ਉਥੋਂ ਉਸਨੂੰ ਆਪਣੇ ਕਾਰ ਵਿਹਾਰ ਸੰਗਲਾਦੀਪ ਨੂੰ ਲੈ ਟੁਰੇ। ਜਦ ਇਹ ਸੰਗਲਾਦੀਪ ਦੇ ਉੱਤਰੀ ਹਿੱਸੇ ਵਿਚ ਆ ਟਿਕਿਆ ਤਾਂ ਉਥੋਂ ਦੇ ਲੋਕ ਇਸ ਦੀ ਕ੍ਰਿਯਾ ਵੇਖਕੇ ਅਚਰਜ ਹੋਏ ਜੋ ਇਹ ਨਾ ਏਕਾਦਸ਼ੀ ਆਦਿ ਦਾ ਬ੍ਰਤ ਰਖੇ, ਨਾ ਠਾਕੁਰ ਪੂਜਾ ਕਰੇ, ਨਾ ਦਿਨ ਚੜੇ ਨ੍ਹਾਵੇ, ਕੋਈ ਕਰਮ ਕਾਂਡ ਦੀ ਬਾਤ ਉਨ੍ਹਾਂ ਲੋਕਾਂ ਵਾਲੀ ਨਾ ਕਰੇ, ਅੰਮ੍ਰਿਤ ਵੇਲੇ ਜਾਗੇ, ਪਹਿਰ ਰਾਤ ਰਹਿੰਦੀ ਨਾਲ ਇਸ਼ਨਾਨ ਕਰੇ, ਨ੍ਹਾ ਕੇ ਨਾਮ ਦਾ ਜਪ ਸਿਮਰਨ ਕਰੇ ਤੇ ਆਪਣੀ ਲਿਖਕੇ ਨਾਲ ਆਂਦੀ ਪੋਥੀ ਤੋਂ ਬਾਣੀ ਪੜ੍ਹੇ, ਵੀਚਾਰੇ ਫੇਰ ਦਿਨ ਚੜੇ ਪ੍ਰਸ਼ਾਦ ਪਾ ਕੇ ਆਪਣੇ ਵਿਹਾਰ ਤੇ ਚਲਾ ਜਾਵੇ, ਸੰਧਯਾ ਹੋਈ ਤੇ ਟਿਕਾਣੇ ਆਕੇ ਕੀਰਤਨ ਕਰੇ ਬਾਣੀ ਦਾ। ਇਸ ਦੀ ਇਹ ਕ੍ਰਿਯਾ ਦੇਖਕੇ ਉਨ੍ਹਾਂ ਲੋਕਾਂ ਵਿਚ ਚਰਚਾ ਟੁਰ ਪਈ, ਹੁੰਦੇ ਹੁੰਦੇ ਇਹ ਚਰਚਾ ਉਸ ਥਾਂ ਦੇ ਰਾਜੇ ਸ਼ਿਵਨਾਭ ਪਾਸ ਪਹੁੰਚੀ। ਤਦ ਰਾਜੇ ਬੁਲਾ ਘੱਲਿਆ ਤੇ ਉਸ ਤੋਂ ਉਸ ਦੇ ਕਰਮਭ੍ਰਿਸ਼ਟ ਹੋਣ ਦਾ ਕਾਰਨ ਪੁਛਿਆ। ਮਨਸੁਖ ਨੇ ਆਖਿਆ:

ਹੇ ਰਾਜਾ ਇਕ ਟਿਕਾਣੇ ਤੋਂ ਦੂਸਰੇ ਟਿਕਾਣੇ ਪਹੁੰਚਣ ਲਈ ਦੋ ਰਸਤੇ ਹੁੰਦੇ ਹਨ: ਇਕ ਤਾਂ ਸੜਕ ਸੜਕ ਧਰਤੀ ਉਤੇ ਜਿਵੇਂ ਇਕ ਕੀੜੀ ਅਪਨੀ ਖੁਡ ਤੋਂ ਵਾਂਛਤ ਪਦਾਰਥ ਕੋਲ ਜਾਂਦੀ ਹੈ, ਦੂਜੀਆਂ ਉਸ ਦੇ ਮਗਰ ਹੋਹ ਟੁਰਦੀਆਂ ਹਨ, ਇਉਂ ਰਾਹ ਬਣ ਜਾਂਦਾ ਹੈ, ਇਸ ਨੂੰ ਕੀਟੀ ਮਾਰਗ ਆਖ ਲਓ। ਦੂਸਰਾ ਰਾਹ ਹੈ ਪੰਛੀ ਦਾ, ਉਹ ਆਪਣੇ ਬ੍ਰਿਛ ਤੋਂ ਆਪਣੇ ਵਾਂਛਤ ਪਦਾਰਥ ਦੇ ਕੋਲ ਜਾਣ ਲਈ ਉੱਡਕੇ ਜਾਂਦਾ ਹੈ। ਇਸਦੇ ਮਾਰਗ ਨੂੰ ਬਿਹੰਗਮ ਮਾਰਗ ਕਹੀਦਾ ਹੈ। ਇਹ ਸਿੱਧਾ ਇਕ ਸੇਧ ਬੰਨ੍ਹਕੇ ਜਾਂਦਾ ਹੈ। ਇਸੀ ਤਰ੍ਹਾਂ ਤੁਸੀਂ ਜਿਸ ਕਰਮ ਕਾਂਡ ਦੇ ਰਸਤੇ ਟੁਰਦੇ ਹੋ ਉਹ ਹੈ ਕੀਟੀ ਮਾਰਗ। ਤੁਰੇ ਰਹੋ ਕੀੜੀ ਵਾਂਙੂ। ਜਿਸ ਰਾਹੇ ਮੈਂ ਟੁਰਦਾ ਹਾਂ ਉਹ ਹੈ ਬਿਹੰਗਮ ਮਾਰਗ। ਮੈਂ ਉਡਾਰੀ ਮਾਰਕੇ ਪਹੁੰਚਦਾ ਹਾਂ, ਲੀਕ, ਪਹੇ, ਪਗਡੰਡੀ ਦੀ ਮੈਨੂੰ ਲੋੜ ਨਹੀਂ ਹੈ। ਮੇਰੀ ਇਕ ਸੇਧ ਹੈ ਸਿੱਧੀ, ਉਸ ਪਰ ਹੈ ਮੇਰੀ ਉਡਾਰੀ। ਮੈਂ ਉੱਡਕੇ ਪਹੁੰਚਣਾ ਹੈ ਖੰਭਾਂ ਨਾਲ, ਤੁਸਾਂ ਟੁਰਕੇ ਪਹੁੰਚਣਾ ਹੈ ਲੱਤਾਂ ਨਾਲ ਕੀੜੀ ਤੋਰੇ, ਸਨੇ ਸਨੇ, ਕਦੇ। ਮੇਰਾ ਖਾਣ ਪੀਣ ਸੌਣ ਸਾਰੇ ਸੰਜਮ ਵਿਚ ਹੈਨ, ਐਉਂ ਮੈਂ ਨਿਤ ਬ੍ਰਤੀ ਹਾਂ। ਰੋਜ ਰੱਜਕੇ ਖਾਣਾ ਤੇ ਗ਼ਾਫਲੀ ਤੇ ਆਲਸ ਵਿਚ ਜਾਣਾ, ਪੰਦਰ੍ਹਵੇਂ ਦਿਨ ਫਾਕਾ ਕਰਨਾ ਯਾ ਫਲਾਂ ਫਲੋਹਾਰਾਂ ਨਾਲ ਪੇਟ ਭਰਨਾ, ਇਹ ਉਹ ਗੁਣ ਨਹੀਂ ਰੱਖਦਾ ਜੋ ਨਿਤ ਦਾ ਸੰਜਮ ਰੱਖਦਾ ਹੈ। ਅੰਮ੍ਰਿਤ ਵੇਲਾ ਹੈ, ਸਰੀਰ ਆਪਣੀ ਸੁਹਣੀ ਹਾਲਤ ਵਿਚ ਹੁੰਦਾ ਹੈ, ਗ਼ਜ਼ਾ ਹਜ਼ਮ ਹੋ ਚੁਕੀ ਹੋਈ ਹੁੰਦੀ ਹੈ, ਸੁਰਤ ਸਰੀਰ ਦੇ ਕੰਮਾਂ ਤੋਂ ਮਾਨੋਂ ਕੁਛ ਵਿਹਲ ਵਿਚ ਹੁੰਦੀ ਹੈ, ਇਸ਼ਨਾਨ ਨਾਲ ਮਨ ਬੀ ਸ਼ਾਂਤੀ ਵਲ ਰੁਖ਼ ਕਰਦਾ ਹੈ, ਬਾਹਰ ਏਕਾਂਤ ਤੇ ਟਿਕਾਉ ਜਗਤ ਵਿਚ ਚੁਪ ਵਰਤ ਚੁਕੇ ਹੁੰਦੇ ਹਨ, ਉਸ ਦਾ ਪ੍ਰਭਾਉ ਬੀ ਮਨ ਦੇ ਟਿਕਾਉ ਵਾਲਾ ਪੈਂਦਾ ਹੈ, ਉਸ ਵੇਲੇ ਮੈਂ ਸੰਕਲਪ ਨੂੰ ਹੋੜਕੇ ਬੈਠ ਜਾਂਦਾ ਹਾਂ। ਫੁਰਨਾ ਰੁਕਣਾ ਕਠਨ ਹੈ, ਪਰ ਜਤਨ ਕਰੀਦਾ ਹੈ ਪਰਮੇਸ਼ਰ ਦਾ ਨਾਮ ਲਈਦਾ ਹੈ, ਉਸਦੇ ਗੁਣਾਂ ਦਾ ਚਿੰਤਨ ਕਰੀਦਾ ਹੈ, ਖਯਾਲ ਨੂੰ ਮੋੜ ਮੋੜ ਉਨ੍ਹਾਂ ਦੇ ਗੁਣਾਂ ਵਲ ਤੇ ਸਰੂਪ ਵਲ ਪਾਈਦਾ ਹੈ, ਹੋਰ ਉਠਦੇ ਫੁਰਨੇ ਹੋੜੀਦੇ ਹਨ, ਇਸ ਤਰ੍ਹਾਂ ਆਪਾ ਆਪੇ ਵਿਚ ਟਿਕਦਾ ਹੈ। ਆਪਾ ਸੁਖ ਸਰੂਪ ਹੈ, ਜਦ ਇਹ ਆਪੇ ਵਿਚ ਟਿਕਦਾ ਹੈ ਤਾਂ ਇਸ ਨੂੰ ਇਸ ਤਰ੍ਹਾਂ ਆਪਣੇ ਸੁਖ ਦੀ ਪ੍ਰਤੀਤੀ ਹੋਣ ਲਗ ਪੈਂਦੀ ਹੈ। ਇਹ ਆਪੇ ਦਾ ਸੁਖ ਬਾਹਰਲੇ ਸੁੱਖਾਂ ਦੀ ਪ੍ਰਾਪਤੀ ਲਈ ਅਨਰਥ ਕਰਨੋਂ ਰੋਕ ਲੈਂਦਾ ਹੈ। ਹੇ ਰਾਜਨ! ਦ੍ਰਿਸ਼ਟਾਂਤ ਮਾਤ੍ਰ ਨਾਲ ਸਮਝ ਸੌਖੀ ਪੈ ਜਾਂਦੀ ਹੈ। ਦੇਖੋ ਜੀ, ਇਕ ਬ੍ਰਿਛ ਹੈ, ਇਕੱਲਾ ਖੜਾ ਹੈ, ਇਹ ਕਿਸੇ ਨਾਲ ਗਲਬਾਤ ਨਹੀਂ ਕਰਦਾ, ਕਿਸੇ ਦਾ ਮੁਥਾਜ ਨਹੀਂ ਦਿੱਸਦਾ। ਧਰਤੀ ਵਿਚ ਖੜਾ ਉਸ ਤੋਂ ਖਾਨ ਪਾਨ ਲੈਂਦਾ ਨਿਰਾਧਾਰ ਖੜਾ ਹੈ, ਵੱਧਦਾ ਹੈ, ਮੌਲਦਾ ਹੈ, ਖਿੜਦਾ ਹੈ, ਸਫਲਦਾ ਹੈ, ਇਹ ਕਿਸੇ ਹੋਰ ਬ੍ਰਿਛ ਦਾ ਮੁਥਾਜ ਨਹੀਂ ਹੁੰਦਾ, ਤਾਂ ਜਾਣੋਂ ਆਪਣੇ ਜੀਵਨ ਮਾਤ੍ਰ ਦੇ ਆਸਰੇ ਸਿਰ ਖਿੜਦਾ ਮੌਲਦਾ ਹੈ ਨਾ। ਤਿਵੇਂ ਮਨੁੱਖ ਨਹੀਂ, ਇਸ ਨੂੰ ਹਾਸ ਵਿਲਾਸ ਦੂਇਆਂ ਤੋਂ ਸੁਖ ਲੈਣ ਦੀਆਂ ਮੁਥਾਜੀਆਂ ਹਨ, ਕਿਉਂਕਿ ਇਹ ਅਤਿ ਤ੍ਰਿਸ਼ਨਾ ਕਰਕੇ ਤੇ ਸ੍ਵਾਰਥ-ਖੁਦਗਰਜ਼ੀ-ਕਰਕੇ ਅਤ੍ਰਿਪਤ ਹੋ ਰਿਹਾ ਹੈ ਤੇ ਆਪਣੇ ਜੀਵਨ ਰਸ ਨੂੰ, 'ਆਪਣੇ ਆਪ ਦੇ ਆਤਮ ਰਸ' ਨੂੰ ਭੁੱਲ ਰਿਹਾ ਹੈ। ਸੋ ਰਾਜਨ! ਜਦ ਅਸੀਂ ਅੰਮ੍ਰਿਤ ਵੇਲੇ, ਸਰੀਰ ਦੇ ਸ੍ਵਸਥ ਵੇਲੇ, ਮਨ ਦੇ ਟਿਕਾਉ ਵੇਲੇ, ਕੁਦਰਤ ਦੇ ਸ਼ਾਂਤਿ ਟਿਕਾਉ ਤੇ ਚੁਪ ਵੇਲੇ ਮਨ ਨੂੰ ਮਨ ਵਿਚ ਸਾਈਂ ਦੀ ਯਾਦ ਨਾਲ ਉਸ ਦੇ ਗੁਣਾਨੁਵਾਦ ਨਾਲ ਜੋੜਦੇ ਹਾਂ* ਤਾਂ ਆਪਾ ਆਪੇ ਦੇ ਰਸ ਨੂੰ ਲੈਂਦਾ ਹੈ। ਇਥੋਂ ਹੀ ਫੇਰ 'ਪਰਮ ਆਪੇ' ਨਾਲ ਅਰਥਾਤ ਪਰਮਾਤਮ ਦੇਵ ਨਾਲ ਮਿਲ ਪੈਣਾ ਪ੍ਰਾਪਤ ਹੁੰਦਾ ਹੈ। ਇਸ ਤਰ੍ਹਾਂ ਹਉਮੈ ਨਵਿਰਤ ਹੋ ਕੇ ਆਤਮ ਸੁਖ ਤੇ ਪਰਮਾਤਮ ਸੁਖ ਪ੍ਰਾਪਤ ਹੋ ਜਾਂਦਾ ਹੈ ਤੇ ਇਥੋਂ ਹੀ ਜਗਤ ਲਈ ਇਹ ਸਰੀਰ ਸੁਖਾਂ ਦਾ ਦਾਤਾ ਹੋ ਜਾਂਦਾ ਹੈ। ਇਹ ਹੈ ਬਿਹੰਗਮ ਮਾਰਗ, ਪੰਛੀ ਉਡਾਰੀ ਵਾਲਾ ਰਸਤਾ, ਇਸਦਾ ਮੂਲ ਹੈ ਪ੍ਰੇਮ। ਤੁਸੀਂ ਜੋ ਕਰਨੀ ਕਰਦੇ ਹੋ, ਹਉਂ ਕਰਾਉਂਦੀ ਹੈ। ਹਉਂ ਨਾਲ ਕੀਤੇ ਕਰਮ ਬੰਧਨਾਂ ਵਿਚ ਰਖਦੇ ਹਨ। ਬਹੁਤ ਕਾਲ ਮਗਰੋਂ ਫੇਰ ਨਿਸ਼ਕਾਮ ਕਰਮ ਦੀ ਸੋਝੀ ਮਿਲਦੀ ਹੈ, ਫਿਰ ਹਉਂ ਦੀ ਨਵਿਰਤੀ ਦਾ ਮਾਰਗ ਮਿਲਦਾ ਹੈ, ਐਉਂ ਅਨੇਕ ਸਮੇਂ ਲਗ ਜਾਂਦੇ ਹਨ। ਫੇਰ-ਠਾਕੁਰ ਪੂਜਾ-ਨਿਰਜਿੰਦ ਦੀ ਪੂਜਾ ਹੈ। ਅਸੀਂ ਜਿੰਦ ਵਾਲੇ ਲੋਕ ਹੋ ਕੇ ਨਿਰਜਿੰਦ ਅੱਗੇ ਝੁਕਦੇ ਹਾਂ। ਫਲ ਕੀ ਹੋਣਾ ਹੋਇਆ? ਜੇ ਕਹੋ 'ਮਨ ਕੁਛ ਟਿਕਦਾ ਹੈ', ਤਾਂ ਦੇਖੋ ਠਾਕੁਰ ਤੇ ਗੁਰੂ ਜਦ ਸੇਵੀਂਦਾ ਹੈ ਤਾਂ ਉਸ ਤੋਂ ਉਪਦੇਸ਼, ਉਸਦੀ ਸਹਾਇਤਾ ਮਿਲਦੀ ਹੈ ਤੇ ਝਟਪਟ ਰਸਤਾ ਖੁੱਲ੍ਹ ਪੈਂਦਾ ਹੈ। ਹੇ ਰਾਜਨ! ਜੋ ਗੁਰੂ ਮੈਨੂੰ ਮਿਲਿਆ ਹੈ, ਓਹ ਤਾਂ ਆਪ ਹੈ। ਪੂਰਨ ਪੂਰ ਸੰਪੂਰਨ, ਉਸ ਦੀ ਤਾਂ ਮਿਹਰ ਬੇੜੇ ਪਾਰ ਕਰਦੀ ਹੈ।

ਇਸ ਦੀ ਵਾਰਤਾਲਾਪ ਮਗਰੋਂ ਰਾਜੇ ਦਾ ਮਨਸੁਖ ਨਾਲ ਪ੍ਰੇਮ ਹੋ ਗਿਆ। ਹੁਣ ਦੋਨੋਂ ਰੋਜ਼ ਮਿਲਨ ਤੇ ਮਨਸੁਖ ਆਪਣੇ ਮਾਰਗ ਦੇ ਹਾਲ ਦੱਸੇ ਤੇ ਗੁਰੂ ਨਾਨਕ ਦੇ ਗੁਣ ਵਰਣਨ ਕਰੇ। ਗੁਣ ਸ੍ਰਵਣ ਕਰ ਕਰਕੇ ਤੇ ਉਸ ਆਦਮੀ ਦਾ ਜੀਵਨ, ਉਸਦੀ ਸੁੱਚਤਾ, ਟਿਕਵੀਂ ਦਿਲ ਖੁਸ਼ੀ, ਉਸਦੇ ਉਪਕਾਰ ਤੇ ਜਗਤ ਨਾਲ ਭਰਾਵਾਂ ਵਾਲੇ ਵਰਤਾਉ ਦੇ ਮਾਮਲੇ ਦੇਖ ਦੇਖਕੇ ਰਾਜੇ ਨੂੰ ਗੁਰੂ ਨਾਨਕ ਦੇਵ ਜੀ ਨਾਲ ਪ੍ਰੇਮ ਹੋ ਗਿਆ।

ਸਾਧ ਸੰਗਤ ਜੀ! ਲਿਖਿਆ ਹੈ ਕਿ ਤਬ ਉਹ (ਮਨਸੁਖ) ਵਿਦਾ ਹੋਇਆ ਓਥੋਂ। ਤੁਰਦੀ ਵੇਰ ਮਨਸੁਖ ਨੇ ਇਉਂ ਰਾਜੇ ਨੂੰ ਕਿਹਾ: 'ਰਾਜਾ ਜੀ ਤੂੰ ਧੰਨ ਹੈਂ! ਗੁਰੂ ਬਾਬਾ ਨਾਨਕ ਤੈਨੂੰ ਮਿਲੇਗਾ, ਪਰ ਤੂੰ ਲਖ ਸਕਹਿਗਾ ਨਹੀਂ। ਕਿਆ ਜਾਪੇ ਕਿਤੁ ਰੂਪ ਤੁਝ ਕਉ ਆਇ ਦਰਸ਼ਨ ਦੇਇਗਾ, ਜੋਗੀ ਕੇ ਰੂਪ, ਕਿ ਬ੍ਰਹਮਨ ਕੇ ਰੂਪ, ਕਿ ਦਿਗੰਬਰ ਕੇ ਰੂਪ, ਕਿ ਖਤ੍ਰੀ ਕੇ ਰੂਪ, ਕਿ ਬੈਰਾਗੀ ਕੇ ਰੂਪ, ਕਿ ਸਨਯਾਸੀ ਕੇ ਰੂਪ, ਕਿ ਬ੍ਰਹਮਚਾਰੀ ਕੇ ਰੂਪ, ਕਿ ਕਲੰਦਰ ਕੇ ਰੂਪ, ਅਤੇ ਸਭੇ ਰੂਪ ਉਸਦੇ ਹੈਨ, ਇਉਂ ਨ ਜਾਣੀਐ ਤੇਰੇ ਤਾਂਈਂ ਕਿਤ ਰੂਪ ਦਰਸ਼ਨ ਦੇਵੈਗਾ। ਉਹ ਅਬਿਨਾਸੀ ਪੁਰਖ ਹੈ ਤੂੰ ਸਮਝਤਾ ਰਹੀਐ।'(ਪੁ: ਜ: ਸਾਖੀ) ਮਨਸੁਖ ਤਾਂ ਟੁਰ ਆਇਆ, ਰਾਜੇ ਦਾ ਪ੍ਰੇਮ ਵਿਛੋੜੇ ਵਿਚ ਵਧਦਾ ਗਿਆ, ਉਸ ਦਾ ਹੁਣ ਇਹ ਹਾਲ ਹੋ ਗਿਆ:-

**ਉਤ ਭੂਪਤਿ ਕੇ ਮਨਿ ਲਿਵ ਲਾਗੀ। ਸਿਮਰਹ ਨਿਸ ਬਾਸੁਰ ਬਡਭਾਗੀ।**
**ਊਠਤਿ ਬੈਠਤਿ ਗਮਨਤਿ ਨਾਮੂ। ਕਹਿ 'ਸ੍ਰੀ ਨਾਨਕ ਨਿਤ ਸੁਖ ਧਾਮੂ॥੬੩॥**
**ਮੋਰ ਸਮਾਨ ਭਯੋ ਮਨ ਮੋਰਾ। ਕਬਹਿ ਮਿਲਹਿਂ ਹ੍ਵੈਕੈ ਘਨਘੋਰਾ।**
**ਚਿਤ ਚਾਤ੍ਰਿਕ ਕੇ ਪਯਾਸ ਪੁਕਾਰਤ। ਚਾਹਤਿ ਸ੍ਵਾਂਤ ਦਰਸ ਹਰਿ ਆਰਤ॥੬੪॥**
**ਲੋਚਨ ਭਏ ਚਕੋਰ ਵਿਚਾਰੇ। ਚੰਦ ਬਦਨ ਕਬਿ ਆਨ ਦਿਖਾਰੇਂ।**
**ਬਿਰਦ ਸੁਨਯੋ ਮੈ ਦੀਨ ਦਯਾਲਾ। ਯਾਂਤੇ ਆਸਾ ਕਰੌਂ ਬਿਸਾਲਾ'॥੬੫॥**
**ਅਸ ਪ੍ਰਕਾਰ ਭੂਪਤਿ ਅਭਿਲਾਖਾ। ਦਿਨ ਪ੍ਰਤਿ ਬਧਤ ਬਿਟਪ ਜਯੋਂ ਸ਼ਾਖਾ।**
**ਨੈਨ ਬਿਖੈ ਨਿੰਦ੍ਰਾ ਜਿਨ ਤਯਾਗੀ। ਦਿਨ ਮੈਂ ਭੂਖ ਪਿਆਸਾ ਭਾਗੀ॥੬੬॥**
**ਪ੍ਰੇਮ ਅਧਾਰ ਜੀਵਨਾਂ ਜਿਹ ਕੋ। ਲੋਚਨ ਰਹਤ ਜਲ ਤਿਹ ਕੋ।**
**ਕਿਤਿਕ ਦਿਵਸ ਅਸ ਭਾਂਤਿ ਬਿਤਾਏ। ਜਿਹ ਕੇ ਜਾਗੇ ਭਾਗ ਸੁਹਾਏ॥੬੭॥**

(ਗੁਰ ਨਾ: ਪ੍ਰ: ਪੂਰ: ਅਧਿ 44)

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

---

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥ (ਜਪੁ ਜੀ)

# Through *Nam* is Attained Resplendent Spirit

❖ **Dr. Jaswant Singh Neki**

*Carhdi kala* is a difficult term to translate. It has many layers of meanings. Though we have tentatively translated it as 'Resplendent Spirit' which is possibly its closest connotation, its other nuances will emerge as we proceed in our discussion.

The hermeneutical lexicon of *Sri Guru Granth Sahib (nirukt)* explains *carhdi kala* as follows:

*Carhdi kala* is an unblemished state of mind which denotes high spirits characteristics of the Sikh faith. In it, there is relentless festivity, inspired cheerfulness and exultation before which every bit of sinfulness, wickedness, oppression and brutality simply disappear. It cannot see anyone alone in suffering and is ever inspired for the well-being of all. This is what *Nam* does. This kind of state is not possible to attain with words alone, one has to mould one's actions accordingly. One has to let it be witnessed in one's field of action; so that the world can see how in the dark night the resplendent spirit of *Nam* spreads the radiance of its luminosity. It also progresses to fructify as the welfare of all.

*Carhdi kala* is the sublime state of consciousness in which there is boundless joy. Fear and animosity are entirely absent, and self-respect and reliance on oneself sprout effortlessly. In this state of mind, one perceives comfort even in suffering. Such confidence stands out in relief when it is put to trial. The unwilting spirit of the *Khalsa* during genocidal vicissitudes that beset them is ample proof of their *carhdi kala*.

*Carhdi kala* does not depend on circumstances; rather, it challenges circumstance. Smiling patience and genial contentment shape its countenance and add sparkle to its spirit. The future finds it in tremendously joyful readiness and sublime inspiration to act. Even when abandoned by everyone, its courage and forbearance abandons no one. True confidence, not mere hope, is its citadel. Even in worldly defeat, it feels crowned with moral victory and reckons no obstacle as insurmountable. Remaining entirely undisturbed, it makes short work of obstacles and stays in rare steadiness. The future does not slip out of its hands, nor does it pass into the hands of adversaries. Jesting with life, it colours the future with his own favourite hues. It does not get dejected over the cowardice of comrades. This it always overlooks and is always ready to forgive. It even jests with death, because one who practices it believes that

> I shall not die, though the rest of the world dies,
> for now I have met the life-giving Lord.
>
> -*Gauri Guareri* Kabir, p. 325

It is a carefree state, indifferent to deprivation of all kinds, and unaffected by hardship and suffering. In it one is continually ready to fight for a righteous cause. Courage, valour, enthusiasm and joy throb in one's breast. Ardour, delight and perennial afflorescence deck one's brow.

How is the state of *carhdi kala* achieved? It is the achievement of the rare individuals who perpetually rely on the Lord.

> Many speak and talk about God.
> Very rare is the humble servant
> who understands the essence of (true) Yoga.
> He has no pain–but is at peace.
> He beholds only the One (Lord).
> He sees no evil–for him all is good.
> Never suffers he defeat–he is ever victorious.
> He suffers no sorrow, is always happy;
> He neither discards nor does he grasp.
> Says Nanak, such a servant is the Lord himself,
> He neither comes, nor ever does he depart.
>
> -*Kanra* m 5, p. 1302

There is no room in *carhdi kala* for any feeling of inferiority. It is resplendent with unlimited joy. Grief and sorrow have no place in it.

> Where there is infinite joy; no sorrow or duality.
> With that home the Guru has blessed Nanak.
>
> -*Gauri* m 5, p. 186

It is a state of 'truth, beauty and eternal joy'.

The only person that can achieve such a celestial state of mind is a person imbued with the mellifluous *Nam*. Internal beauty, internal joy and internal state of *carhdi kala* all derive support from

*Nam*–from the Truth of *Nam, Satnam!*

> If I am blessed with the *Nam*, says Nanak,
> I really live, and my body and mind blossom forth.
> -*Mundavni* m 5, p. 1429

The life of Guru Arjan Dev is a wonderful example of *carhdi kala*. Earlier also we have noted that a time came in his life when Prithi Chand, with the help of his paid agents, had blocked all the ways and thus succeeded in enticing pilgrims away from Guru Arjan Dev. As a result the congregation with him thinned down, and the offering was so diminished that all the provisions got depleted and the Gurus' *langar* became *mastana* (depleted). Indeed, the Guru and his wife had to eat three-day stale food. Even in that state, the Guru was singing:

> With only dry crusts of bread, and a hard floor to sleep on,
> O sisters, I have happily with my Beloved.
> -*Kanra* m 5, p. 1306

This very Guru, while sitting on a red hot iron plate, was singing:

> Whatever You do, seems so sweet to me,
> Nanak begs only for the treasure of Your *Nam*.
> -*Asa* m 5, p. 394

One who can consider adversity as God's gift is one whose soul is drenched in *Nam* of the Lord and is perpetually in a state of *carhdi kala*. His morale never sinks. Who can conquer him or frighten him when his morale does not droop? Examples of such *carhdi kala* may be identified in the lives of many Sikhs. In December 1710, an imperial edict was issued by the Mughal government of Delhi that, 'Wherever worshippers of Nanak are found, they be sentenced to death'. This order was in force for the next fifty years, and Sikhs spied anywhere were executed. At home, the Mughal government was their enemy, and from abroad, Ahmad Shah Abdali was mounting invasion after invasion on Punjab. Under such unfortunate circumstances, survivors were in exile. In the eyes of the rulers, they were 'terrorists', so they were blown up to pieces. Their heads strung on spears were carried as exhibits. Those who survived hid in forests tormented by hunger and thirst for days. Even they, they called themselves the 'pampered army of the Lord' and were in the state of *carhdi kala*. One who went hungry described himself as 'mad with prosperity'. Death was considered an *expedition* to the next world. While onions were called 'silver pieces', rupees were called 'pebbles'. If they had only parched grams to eat, they would declare, 'we are eating almonds'. A blind man was referred to as *surma* (a brave warrior). A deaf one was referred to as a 'resident of the upper storey'. Such phrases testified to their *carhdi kala*. For the officials of the rulers, they had coined despicable names. A cook was 'Qazi' and a dog was 'Qutab-ud-din'. A police officer was called a 'donkey'. For them, these officials meant trifles or even less. These are only a few examples out of a vast vocabulary reflecting their *carhdi kala*.

When Nadir Shah came to Lahore, he asked Zakaria Khan, the governor of Punjab, 'Who are these people who have been shattering my defenses repeatedly? Let me know where they live so that I can exterminate their tribe completely.' Zakaria answered, 'What should I tell you about them? They live in deep forests. Their homes are the saddles of their horses. They have a very unusual way of living. Their vocabulary is equally unusual.' Then he gave Nadir some examples of what he called 'their slang'. Hearing all that, nadir remarked *azin qoum bue salltnat mi amad* (I smell the prospect of a kingdom for this tribe).

Their high spirit of *carhdi kala* was based on their dedication to *Nam*. Even while shifting their abodes in the jungles, they would carry with them a volume of *Guru Granth Sahib*. Wherever they had a couple of peaceful days, they would try to complete a full recitation of the holy book by relay reading. From that started the tradition of *akhand path* (uninterrupted reading of the holy book). Even while astride their horses, they chanted the *Nam* with every breath they took. Bringing the fearless Lord to their minds, they rose above fear and terror of all kinds. Thus undaunted, they continually stayed in high spirit. They would joke with their own selves, make fun of their sufferings. They finally, kept their date with the Lord, 'mounting an expedition' to the other world:

> During their lifetime, they served the Lord,
> and while departing,
> kept Him enshrined in their heart.
> -*Maru* m 5, p. 1000

Courtesy : *Ardas of the Sikhs : A Distinctive Prayer*

✧ ✧ ✧ ✧ ✧

# ਮੇਰੀ ਖਿੜੀ ਰਹੇ ਗੁਲਜ਼ਾਰ

## ਹਥ ਕਾਰ ਵੱਲ, ਰਸਨਾ ਉਚਾਰ ਵਲ

ਇਕ ਆਵਾਜ਼ ਆ ਰਹੀ ਹੈ:-

ਠੱਟ ਠੜ੍ਹ ਠੜ੍ਹ
ਠੱਟ ਠੜ੍ਹ ਠੜ੍ਹ,
... ... ... ...
ਤੂੰਹੀਂ, ਤੂੰਹੀਂ, ਤੂੰਹੀਂ, ਤੂੰਹੀਂ,
ਠੱਟ ਠੜ੍ਹ ਠੜ੍ਹ
ਠੱਟ ਠੜ੍ਹ ਠੜ੍ਹ
ਠੱਟ ਤੂੰਹੀਂ ਠੜ੍ਹ
ਠੱਟ ਤੂੰਹੀਂ ਠੜ੍ਹ।
... ... ... ...

ਸੁਣਕੇ ਸਖੀ ਪ੍ਰਤੀ ਇਕ ਸਖੀ ਆਖਦੀ ਹੈ:-

ਇਹ ਕੀ ਹੈ ਖਰੜ ਖਰੜ
ਨਾਲੇ ਤੂੰਹੀਂ ਤੇ ਨਾਲੇ ਠੜ੍ਹ ਠੜ੍ਹ?

ਸਖੀ ਦਾ ਉੱਤਰ ਪਹਿਲੀ ਸਖੀ ਪ੍ਰਤੀ:-

ਦੁਨੀਆ ਵਿਚ ਉਲਟ-ਪੁਲਟ ਹੀ
ਪਏ ਚੰਬੜ ਚੰਬੜ ਰਗੜਦੇ ਹਨ।

ਪਹਿਲੀ ਸਖੀ:-

ਪਰ ਚੱਲ ਸਖੀ ਵਹਿਲੇ ਵਹਿਲੇ
ਚੱਲ ਤੱਕੀਏ
ਏ ਅਣਮਿਲਵੀਆਂ ਮਿਲਵੀਆਂ।

ਦੂਜੀ ਸਖੀ:-

ਥਾਂਉਂ ਥੋੜੀ ਜੇਹੀ ਲੱਗੇ ਦੂਰ,
ਚੱਲ ਪਓ ਜੇ ਚਲਣ ਮਨਜ਼ੂਰ।

ਦੋਵੇਂ ਤੁਰ ਪਈਆਂ, ਆਵਾਜ਼ ਦੇ ਕੋਲ ਪਹੁੰਚਕੇ,
ਪਹਿਲੀ ਸਖੀ:-

ਬੀਬੀਓ ਰਾਣੀਓਂ!
ਸੁਹਣੀਓਂ ਸੁਆਣੀਓਂ!
ਕੀਹ ਕਰਨੀਆਂ ਓ? ਤੇ
ਕੀਹ ਗਾਉਨੀਆਂ ਓ?

ਹਥੌੜੀ ਨਾਲ ਇਕ ਪੱਥਰ ਤੋੜ ਰਹੀ ਤੋੜਨ ਹਾਰ:-

ਪਈਆਂ ਤੋੜਨੀਆਂ ਹਾਂ ਪੱਥਰ ਵੱਟੇ
ਨਿਕੇ ਹੋਣ ਹਥੌੜੀ ਦੀ ਸੱਟੇ।

ਦੂਜੀ ਸਖੀ (ਕਾਹਲੀ ਨਾਲ):-

ਕੀਹ ਕਹਿਨੀਆਂ ਪਈਆਂ ਓ ਮੂੰਹੋਂ
ਐਉਂ ਜਾਪੇ ਜਿਉਂ ਕਹਿਨੀਆਂ ਓ "ਤੂੰਹੋਂ"!

ਦੂਜੀ ਪੱਥਰ ਤੋੜਨੀ:-

ਹਾਂ, ਗਾਨੀਆਂ ਪਈਆਂ ਹਾਂ "ਤੂੰਹੋਂ"।
"ਤੂੰਹੋਂ ਤੂੰਹੋਂ" ਤੇ 'ਤੂੰਹੋਂ ਹੀ ਤੂੰਹੋਂ।'

ਪਹਿਲੀ ਸਖੀ:-

ਕਿਸਨੂੰ ਕਹਿੰਦੀਆਂ ਪਈਆਂ ਓ ਤੂੰਹੋਂ?

ਇਕ ਪੱਥਰ ਤੋੜਨੀ:-

ਜੇਹੜਾ ਲੁਕਿਆ ਬੈਠੈ ਸਾਡੇ ਅੰਦਰ,
ਬੈਠਾ ਸੁਣਦੈ ਜੋ ਸਾਡਾ ਏ ਗੀਤ।
ਤੁਹਾਨੂੰ ਲਗਦੀ ਹੋਊ ਸਾਡੀ ਡੰਡ,
ਸਾਨੂੰ ਪੈਂਦੀ ਏ ਗਾ ਗਾ ਕੇ ਠੰਢ।
ਖੁਸ਼ ਹੁੰਦਾ ਹੈ ਸੁਣਕੇ ਓ ਸਾਈਂ।
ਕਰਦਾ ਸਾਡੀਆਂ ਰੱਦ ਬਲਾਈਂ।

ਫੇਰ ਛਿੜ ਪਈ ਆਵਾਜ਼:-

ਠੱਟ ਠੜ੍ਹ ਠੱਟ ਠੜ੍ਹ
ਠੱਟ ਠੜ੍ਹ ਠੱਟ ਠੜ੍ਹ
"ਹੈ ਤੂ ਹੈ ਤੂ ਹੋਵਨਹਾਰ"
"ਹੈ ਤੂ ਹੈ ਤੂ ਹੋਵਨਹਾਰ।"

ਪਹਿਲੀ ਸਖੀ:-

ਜ਼ਰਾ ਠਹਿਰ ਜਾਓ, ਮੇਰੀ ਭੈਣ!
ਸਾਨੂੰ ਦੱਸੀਓ ਹੋਰ ਇਕ ਗੱਲ:
ਕਾਹਨੂੰ ਕਰਦੀਆਂ ਓ ਦੋ ਕੰਮ।
ਥੱਕ ਜਾਂਦੀਆਂ ਹੋਸੋ ਜ਼ਰੂਰ।

ਇਕ ਸਿਆਣੀ ਪੱਥਰ ਤੋੜਨੀ:-

ਪੱਥਰ ਤੋੜੀਏ, ਮਿਲੇ ਮਜੂਰੀ,
ਰਾਤ ਖਾਨੀਆਂ ਕੁੱਟਕੇ ਚੂਰੀ,
ਲਹਿ ਜਾਏ ਇਸ ਦੇਹ ਦੀ ਥਕਾਨ।
ਦੂਜੀ ਚੜ੍ਹੇ ਜੁ ਦਿਲ ਨੂੰ ਅਕਾਨ
ਨਾਲੋ ਨਾਲ ਇਸ 'ਤੂੰਹੀਂ' ਦੇ ਜ਼ੋਰ
ਲਹਿੰਦੀ ਰਹਿੰਦੀ, ਨ ਚੜ੍ਹੇ ਹੈ ਹੋਰ।

ਦੂਜੀ ਸਖੀ:-

ਹੋ ਰਹੀ ਦੋ ਕੰਮਾਂ ਦੀ ਸਾਂਟ:
ਕਿਵੇਂ ਲਗ ਗਈ ਹੈ ਨੇ ਚਾਟ?

ਇਕ ਸਿਆਣੀ ਪੱਥਰ ਤੋੜਨੀ:-

ਕੋਈ ਆਇਆ ਸੀ ਫਿਰਦਾ ਮਲੰਗ,
ਮਿਹਨਤ ਦੇਖਕੇ ਹੋਇਆ ਓਹ ਦੰਗ
ਆਖੇ: 'ਸੁਣੋ ਨੀ ਕੁੜੀਓ ਮੈਂ ਗੱਲ,
ਦੇਹ ਥੱਕੀ ਤੇ ਸੱਖਣਾ ਦਿਲ।
ਦੇਹ ਭਰੋਗੀਆਂ ਰੋਟੀ ਦੇ ਨਾਲ
ਦਿਲ ਸੱਖਣਾ ਭਰੋਗੀਆਂ ਕਿਵ?
ਦਸਾਂ ਨੁਵਾਂ ਦੀ ਕਿਰਤੋਂ ਬਲਿਹਾਰ,
ਵਾਹ ਵਾ ਕਰਦੀਆਂ ਹੋ ਪਈਆਂ ਕਾਰ।
ਪੇਟ ਭਰੇਗੀ ਸੁਹਣੀ ਏ ਸੱਟ
ਭੁੱਖੇ ਰਹਣਗੇ ਸੱਖਣੇ ਦਿਲ
ਲਾਓ ਓਸ ਲਈ ਬੀ ਕੋਈ ਟਿੱਲ।'
ਫਿਰ ਬਹਿ ਗਿਆ ਅਸਾਂ ਵਿਚਕਾਰ
ਪੱਥਰ ਤੋੜਨ ਦੀ ਲਗ ਪਿਆ ਕਾਰ।
ਨਾਲੇ ਗਾਂਵਦਾ ਸੁਹਣੀ ਓ ਸੱਦ:
"ਹੈ ਤੂ ਹੈ ਤੂ ਹੋਵਨਹਾਰ"
"ਹੈ ਤੂ ਹੈ ਤੂ ਹੋਵਨਹਾਰ"
ਤੂੰਹੋਂ ਤੂੰਹੋਂ ਤੂੰਹੋਂ ਤੂੰਹੋਂ
ਤੂੰਹੀਂ ਤੂੰਹੀਂ ਮੈਂ ਬਲਿਹਾਰ।
ਪੱਥਰ ਤੋੜੇ ਤੇ ਗਾਂਵਦਾ ਨਾਲ
ਚਿਹਰਾ ਖਿੜਿਆ ਤੇ ਅੱਖੀਆਂ ਸ਼ੋਖ।
ਰੰਗ ਰੱਤੀਆਂ ਅੱਖਾਂ ਦਾ ਸੁਆਦ
ਸਾਨੂੰ ਅਜੇ ਤਕਾਂ ਹੈ ਵੇ ਯਾਦ।

ਇਕ ਸਖੀ:-

ਭਲਾ ਕੁਟਦੀਆਂ ਜਾਓ ਜੇ ਸੰਗ
ਪਰ 'ਤੂੰਹੀਂ' ਨੂੰ ਮਾਰੋ ਨ ਵਾਜ,
ਫਿਰ ਕੀ ਹੁੰਦਾ ਏ ਤੁਸਾਂ ਦਾ ਹਾਲ?

ਸਿਆਣੀ ਪੱਥਰ ਤੋੜਨੀ:-

ਮਿਹਨਤ ਕਰਦਿਆਂ ਥੱਕਦੇ ਅੰਗ,
ਨਾਲ ਅੱਕਦਾ ਅਕਸਰਾਂ ਦਿਲ।
ਜੇ ਨਾ ਗਾਵੀਏ ਸੁਹਣੇ ਦਾ ਗੀਤ
ਅਗੇ ਵਰਗਾ ਹੀ ਹੁੰਦਾ ਹੈ ਹਾਲ।
ਅੰਦਰ ਸੱਖਣਾ ਸੱਖਣਾ ਲੱਗੇ।
ਐਉਂ ਜਾਪੇ ਜਿਉਂ ਆ ਗਈ ਇਕੱਲ,
'ਤੂੰਹੀਂ' ਚਲਾ ਗਿਆ ਪਰਦੇਸ
ਅਸਾਂ ਖੁਸ਼ੀ ਲਈ ਹੈਵੇ ਮੇਸ।

ਦੂਜੀ ਸਖੀ:-

ਤੂੰਹੀਂ ਡਿਠਾ ਨੇ ਨੈਣਾਂ ਦੇ ਨਾਲ
ਜਿਸ ਦੇ ਪਜਾਰ ਦੇ ਗਾਂਦੀਓ ਗੀਤ?

ਸਿਆਣੀ ਪੱਥਰ ਤੋੜਨੀ:-

ਓ ਮਲੰਗ ਸੀ ਦਸਦਾ ਏਹ:
'ਤੂੰਹੀਂ' ਸਭ ਦੇ ਸਿਰਾਂ ਦਾ ਸਾਈਂ
ਓਹ ਦਾ ਰੂਪ ਹੈ 'ਤੂੰਹੀਂ' ਤੇ 'ਤੂੰਹੀਂ'
ਉਹਦਾ ਗੀਤ ਹੈ 'ਤੂੰਹੀਂ' ਤੇ 'ਤੂੰਹੀਂ'

ਅਚਾਨਕ ਕਿਸੇ ਰੰਗ ਭਰਕੇ ਸਾਰੀਆਂ ਗਾ ਉਠੀਆਂ:-

ਤੂੰਹੀਂ, ਤੂੰਹੀਂ, ਤੂੰਹੋਂ, ਤੂੰ
"ਹੈ ਤੂ ਹੈ ਤੂ ਹੋਵਨਹਾਰ।"
ਠੱਟ ਠੜ੍ਹ ਠੜ੍ਹ
ਠੱਟ ਠੜ੍ਹ ਠੜ੍ਹ

**-ਭਾਈ ਵੀਰ ਸਿੰਘ**

**❖ ਮੇਰੇ ਸਾਂਈਆਂ ਜੀਓ**

✧ ✧ ✧ ✧ ✧

## ਖਾਲਸਾ ਸਮਾਚਾਰ
## ੧੦੦ ਸਾਲ ਪਹਿਲਾਂ
### ਹਫ਼ਤਾਵਾਰ ਪੰਜਾਬੀ ਪਰਚਾ

**24 ਜੁਲਾਈ, 1919**

## ਨੀਤੀ ਸ਼ਤਕ

ਘੋੜੇ ਤੇ ਸਵਾਰ ਹੋਕੇ ਸ਼ਿਕਾਰ ਦੀ ਤਲਾਸ਼ ਵਿਰ ਫਿਰਦੇ ਰਾਜਾ ਪ੍ਰੀਛਤ ਦੀ ਨਜ਼ਰ ਹਿਰਨ ਤੇ ਪਈ, ਰਾਜਾ ਦੇ ਹਥੋਂ ਤੀਰ ਨਿਕਲਨ ਤੋਂ ਪਹਿਲਾਂ ਹਿਰਨ ਚੁੰਗੀਆਂ ਭਰਦਾ ਔਹ ਦਾ ਔਹ ਜਾਂ ਅੱਖਾਂ ਤੋਂ ਉਹਲੇ ਹੋ ਗਿਆ।

ਹਿਰਨ ਨੂੰ ਇਸ ਤਰਾਂ ਅੱਗੋਂ ਉਠਦਿਆਂ ਤਕ ਰਾਜੇ ਬਥੇਰੀ ਦੌੜ ਭੱਜ ਕੀਤੀ, ਪ੍ਰੰਤੂ ਹਿਰਨ ਨਾ ਮਿਲਿਆ, ਹਿਰਨ ਦੀ ਤਲਾਸ਼ ਵਿਚ ਭਟਕਦਾ ਹੋਇਆ ਰਾਜਾ ਸਮੀਕ ਰਿਸ਼ੀ ਦੇ ਪਾਸ ਦੀ ਲੰਘਿਆ ਤੇ ਉਸ ਤੋਂ ਪੁੱਛਣ ਲਗਾ ਕਿ "ਇਸ ਰਸਤੇ ਤੋਂ ਹਿਰਨ ਤਾਂ ਨਹੀਂ ਲੰਘਿਆ" ਰਿਸ਼ੀ ਸਮਾਧਿਸਥਿਤ ਸੀ, ਰਾਜੇ ਦੇ ਪ੍ਰਸ਼ਨ ਦਾ ਉੱਤਰ ਕੌਣ ਦੇਂਦਾ? ਰਾਜੇ ਫਿਰ ਪ੍ਰਸ਼ਨ ਕੀਤਾ, ਰਿਸ਼ੀ ਵਲੋਂ ਫਿਰ ਵੀ ਉੱਤਰ ਨਾ ਮਿਲਦਾ ਵੇਖ ਖਿਜੇ ਹੋਏ ਰਾਜੇ ਦੀ ਨਜ਼ਰੇ ਇਕ ਮੋਇਆ ਹੋਇਆ ਸਪ ਪਿਆ ਜਿਸਨੂੰ ਉਠਾਕੇ ਰਿਸ਼ੀ ਦੇ ਗਲੇ ਵਿਚ ਲਪੇਟ ਰਾਜਾ ਚਲਾ ਗਿਆ।

ਕ੍ਰਿਸ਼ਨ ਪਾਸੋਂ ਆਪਦੇ ਪਿਤਾ ਦੇ ਇਸ ਤਰਾਂ ਅਪਮਾਨਤ ਹੋਣ ਦੀ ਖਬਰ ਸੁਣ ਸਿੰਗੀ ਰਿਸ਼ੀ ਨੇ ਪਿਤਾ ਦੇ ਗਲੇ ਵਿਚ ਸਪ ਲਪੇਟਣ ਵਾਲੇ ਨੂੰ ਇਕ ਹਫਤੇ ਵਿਚ ਸੱਪ ਦੇ ਡੰਗ ਨਾਲ ਮਰਨ ਦਾ ਸਰਾਪ ਦਿਤਾ। ਰਾਜੇ ਦੇ ਕੰਨੀ ਵੀ ਇਹ ਖਬਰ ਅਪੜੀ, ਸੱਪ ਦੇ ਡੰਗ ਤੋਂ ਬਚਣ ਲਈ ਥੰਮਾ ਖੜਾ ਕਰਕੇ ਉਸ ਉਤੇ ਰੈਹਣ ਲਈ ਮਕਾਨ ਬਣਵਾ ਹਰ ਤਰਾਂ ਦੀ ਪੈਹਰਿਆਂ ਦੀ ਚੌਕਸਤਾਈ ਕਰਾ ਦਿਤੀ, ਤੇ ਦੇਵਤਿਆਂ ਦੀ ਅਰਾਧਨਾ ਕਰਨ ਲਗਾ। ਹੋਣੀ ਕਿਸੇ ਤੋਂ ਨਾ ਟਲੀ। ਠੀਕ ਅੱਠਵੇਂ ਦਿਨ ਫੁਲਾਂ ਵਿਚੋਂ ਸੱਪ ਦੇ ਡਸ ਜਾਣ ਤੋਂ ਰਾਜੇ ਦੀ ਮੌਤ ਹੋ ਗਈ। ਭਰਥਰੀ ਜੀ ਇਸੇ ਭਾਵ ਤੋਂ ਕੈਂਹਦੇ ਹਨ:-

ਇਨਾਂ ਦੇਓਤਿਆਂ ਤਾਈਂ ਤੂੰ ਟੇਕ ਮੱਥਾ,
ਪਰ ਦਿਓਤੇ ਵਿਧੀ ਅਧੀਨ ਸਾਰੇ।
ਤਾਂਤੇ ਟੇਕ ਵਿਧਾਤਾ ਨੂੰ ਦਿਲੀ ਮੱਥਾ,
ਐਪਰ ਵਿਧੀ ਨ ਕਰਮ ਬਿਨ ਕੁਝ ਸਾਰੇ।
ਜਦੋਂ ਕਰਮਾਂ ਦੇ ਵਸ ਫਲ ਵਿਧੀ ਦੇਵੇਂ,
ਫਲ ਕਰਮਾਂ ਦਾ ਸਕੇ ਨਾ ਕੋਈ ਟਾਰੇ।
ਤਾਂਤੇ ਕਰਮਾਂ ਨੂੰ ਸੀਸ ਨਵਾਈਏ ਜੀ,
ਜਿਨ੍ਹਾਂ ਸਾਹਮਣੇ ਦੇਵਤੇ ਵਿਧੀ ਹਾਰੇ।

## ਖਾਲਸਾ ਸਕੂਲ ਲਈ ਧਾਰਮਕ ਸਕੀਮ

ਬਾਰ੍ਹਵੀਂ ਸਿੱਖ ਐਜੂਕੇਸ਼ਨਲ ਕਾਨਫ੍ਰੰਸ ਦੇ ਦਿਨਾਂ ਵਿਚ ਖਾਲਸਾ ਸਕੂਲਾਂ ਦੇ ਮੈਨੇਜਰਾਂ ਤੇ ਹੈਡ ਮਾਸਟਰਾਂ ਦੀ ਕਮੇਟੀ ਵਿਚ, ਇਹ ਵਿਚਾਰ ਹੋਈ ਕਿ ਸਾਰੇ ਖਾਲਸਾ ਸਕੂਲਾਂ ਵਿਚ ਇਕੋ ਹੀ ਧਾਰਮਕ ਸਕੀਮ ਵਰਤੀ ਜਾਵੇ, ਹੇਠ ਲਿਖੇ ਸੱਜਣਾਂ ਦੀ ਇਕ ਸਬ ਕਮੇਟੀ ਬਨਾਈ ਗਈ ਸੀ ਜੋ ਧਾਰਮਕ ਸਕੀਮ ਦਾ ਖਰੜਾ ਤਿਆਰ ਕਰਨ।

ਸੰਤ ਤੇਜਾ ਸਿੰਘ ਜੀ, ਐਮ.ਏ.
ਪ੍ਰੋਫ਼ੈਸਰ ਤੇਜਾ ਸਿੰਘ ਜੀ, ਐਮ.ਏ.
ਭਾਈ ਜੋਧ ਸਿੰਘ ਜੀ, ਐਮ.ਏ.
ਭਾਈ ਮੋਹਨ ਸਿੰਘ ਜੀ, ਹੈਡ ਮਾਸਟਰ
ਮਾਸਟਰ ਬਾਘ ਸਿੰਘ, ਬੀ.ਏ.

ਇਹਨਾਂ ਦਾ ਤਿਆਰ ਕੀਤਾ ਹੋਇਆ ਖਰੜਾ ਪੰਥ ਦੀ ਸੇਵਾ ਵਿਚ ਪੇਸ਼ ਕਰਕੇ ਬੇਨਤੀ ਕੀਤੀ ਜਾਂਦੀ ਹੈ ਜੋ ਉਹ ਪ੍ਰੇਮੀ ਸੱਜਣ ਜੇਹੜੇ ਵਿਦਜਕ ਉੱਨਤੀ ਦੇ ਚਾਹਵਾਨ ਹਨ, ਆਪਣੀ ਅਮੋਲਕ ਰਾਵਾਂ ਦੇ ਕੇ ਕਮੇਟੀ ਨੂੰ ਕ੍ਰਿਤਾਰਥ ਕਰਨ।

ਦਾਸ— ਬਾਘ ਸਿੰਘ

## ਸਿਆਲਕੋਟ

13, 14, 15 ਜੂਨ ਨੂੰ ਟਾਹਲੀ ਸਾਹਿਬ ਦੇ ਗੁਰਦਵਾਰੇ ਜੋ ਸ੍ਰੀ ਗੁਰੂ ਹਰਗੋਬਿੰਦ ਜੀ ਦੀ ਯਾਦਗਾਰ ਵਿਚ ਗੁਰਦਵਾਰਾ ਹੈ ਖਾਲਸਾ ਦੀਵਾਨ ਸਿਆਲਕੋਟ ਦੇ ਬੜੇ ਭਾਰੀ ਦੀਵਾਨ ਸਜੇ ਜਿਸ ਵਿਚ ਬਹੁਤ ਮਾਈ ਭਾਈ ਨੇ ਦਰਸ਼ਨ ਦਿਤੇ। 3 ਦਿਨ ਸਵੇਰੇ ਸ਼ਾਮ ਗੁਰੂ ਕੇ ਦੀਵਾਨ ਹੋਂਦੇ ਰਹੇ, ਜਿਸ ਵਿਚ ਰਾਗੀਆਂ ਦੇ ਜਥਿਆਂ ਨੇ ਕੀਰਤਨ ਅਤੇ ਬਿਖਜਾਨਾਂ ਦੀ ਬੜੀ ਸੁੰਦਰ ਵਰਖਾ ਕੀਤੀ, ਗੁਰੂ ਸਰ ਦੀ ਕਾਰ ਕਢੀ ਜਿਸ ਵਿਚ ਸ੍ਰੀਮਾਨ ਪੰਥ ਰਤਨ ਸ੍ਦਾਰ ਸ਼ਿਵਦੇਵ ਸਿੰਘ ਜੀ ਦੀ ਨਿਰਮਾਨ ਸੇਵਾ ਕਾਬਲੇ ਦੀਦ ਨਜ਼ਾਰਾ ਸੀ। ਪਿਛਲੇ ਸਾਲ ਦੀ ਰੀਪੋਰਟ ਅਤੇ ਚਿਠਾ ਸ੍ਦਾਰ ਸ਼ਿਵਦੇਵ ਸਿੰਘ ਜੀ ਨੇ ਸੁਣਾਯਾ ਜਿਸ ਵਿਚ ਕਰੀਬ 3700) ਦੀ ਆਮਦਨ ਦਸੀ ਜਿਸ ਵਿਚੋਂ 1750) ਸ੍ਰੀ ਅੰਮ੍ਰਿਤਸਰ ਜੀ ਦੀ ਸੰਗਤ ਨੇ ਰਾਹੀਂ ਗੁਰਮੁਖ ਪਿਆਰੇ ਸੰਤ ਸ਼ਾਮ ਸਿੰਘ ਜੀ ਭੇਜੇ, ਸਾਰੀ ਰਕਮ ਟਾਹਲੀ ਸਾਹਿਬ ਦੇ ਸ਼ਾਨਦਾਰ ਗੁਰਦਵਾਰੇ ਦੇ ਬਣਨ ਅਤੇ ਕੂਆਂ ਲਗਣ ਪਰ ਖਰਚ ਹੋਈ। ਇਹ ਗੁਰਦੁਆਰਾ ਬਹੁਤ ਹੀ ਸੁੰਦਰ ਤਯਾਰ ਹੋ ਗਿਆ ਹੈ ਅਤੇ ਇਸ ਸਾਲ 1 ਅਖੰਡ ਪਾਠ ਇਸੇ ਗੁਰਦਵਾਰੇ ਵਿਚ ਰਖਿਆ ਸੀ ਅਤੇ ਦੂਸਰਾ ਅਖੰਡ ਪਾਠ ਗੁਰੂ ਸਰ ਪਰ ਰਖਿਆ ਹੋਯਾ ਸੀ। ਅਗੋਂ ਲਈ ਗੁਰੂ ਸਰ ਪਰ ਹੀ ਹਾਲ ਬਣਾਨ ਲਈ ਅਪੀਲ ਕੀਤੀ ਗਈ ਜਿਸ ਲਈ ਕਰੀਬ 950) ਰੋਕੜੇ 800) ਇਕਰਾਰੀ ਜਮਾ ਹੋਏ।

ਅੰਮ੍ਰਿਤ ਪ੍ਰਚਾਰ ਪੂਰਨ ਮਰਯਾਦਾ ਸੈਹਤ ਹੋਯਾ ਅਤੇ 8 ਪੁਰਸ਼ ਅੰਮ੍ਰਿਤ ਛਕਕੇ ਤਯਾਰ ਬਰ ਤਯਾਰ ਹੋਏ।

ਦਾਸ— ਸਜਨ ਸਿੰਘ ਜਾਂ: ਸਕਤ੍ਰ
ਖਾਲਸਾ ਦੀਵਾਨ ਸਿਆਲਕੋਟ

✧ ✧ ✧ ✧ ✧

ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੧, ਸੰਥਜਾ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੯}

ਵਡਹੰਸੁ ਮਹਲਾ ੪, ਚਉਪਦਾ ੨-੧੪

| ਮੂਲ | ਅਰਥ |
|---|---|
| **ਵਡਹੰਸੁ ਮਹਲਾ ੪॥ ਮੇਰਾ ਹਰਿ ਪ੍ਰਭੁ ਸੁੰਦਰੁ ਮੈ ਸਾਰ ਨ ਜਾਣੀ॥ ਹਉ ਹਰਿ ਪ੍ਰਭ ਛੋਡਿ ਦੂਜੈ ਲੋਭਾਣੀ॥੧॥** | ਮੇਰਾ ਹਰੀ ਪ੍ਰਭੂ ਸੁਹਣਾ ਹੈ, (ਪਰ) ਮੈਂ (ਉਸ ਦੀ ਸੁੰਦਰਤਾ ਦੀ) ਕਦਰ ਨਹੀਂ ਪਛਾਣੀ। ਮੈਂ (ਉਸ ਸੁਹਣੇ) ਹਰੀ ਪ੍ਰਭੂ ਨੂੰ ਛੱਡਕੇ ਦੂਜੇ (ਅਰਥਾਤ ਮਾਇਆ) ਵਿਚ ਲੁਭਾਇਮਾਨ ਹੋ ਗਈ ਹਾਂ॥੧॥ |
| **ਹਉ ਕਿਉ ਕਰਿ ਪਿਰ ਕਉ ਮਿਲਉ ਇਆਣੀ॥ ਜੋ ਪਿਰ ਭਾਵੈ ਸਾ ਸੋਹਾਗਣਿ ਸਾਈ ਪਿਰ ਕਉ ਮਿਲੈ ਸਿਆਣੀ॥੧॥ਰਹਾਉ॥** | ਮੈਂ ਮੂਰਖ (ਆਪਣੇ) ਪਤੀ (ਪਰਮੇਸ਼ੁਰ ਨੂੰ) ਕਿਵੇਂ ਮਿਲਾਂ? ਜੋ (ਉਸ) ਪਤੀ ਨੂੰ ਭਾ ਜਾਵੇ ਓਹੋ ਸੁਹਾਗਣੀ ਹੈ, (ਹਾਂ) ਉਹੋ ਸਿਆਣੀ ਹੈ (ਜੋ ਉਸ) ਪਤੀ ਨੂੰ ਮਿਲ ਪਵੇ॥੧॥ਰਹਾਉ॥ |
| **ਮੈ ਵਿਚਿ ਦੋਸ ਹਉ ਕਿਉ ਕਰਿ ਪਿਰੁ ਪਾਵਾ॥ ਤੇਰੇ ਅਨੇਕ ਪਿਆਰੇ ਹਉ ਪਿਰ ਚਿਤਿ ਨ ਆਵਾ॥੨॥** | ਮੇਰੇ ਵਿਚ (ਹੀ) ਦੋਸ਼ ਹਨ, ਪਤੀ ਨੂੰ ਮੈਂ ਕਿਵੇਂ ਪਾਵਾਂ, ਅਨੇਕਾਂ (ਅਦੋਸ਼ ਗੁਰਮੁਖ) ਤੇਰੇ ਪਿਆਰੇ ਹਨ, ਮੈਂ (ਦੋਸ਼ਣ ਤੌਂ) ਪਤੀ ਨੂੰ ਯਾਦ ਆ ਹੀ ਨਹੀਂ ਸਕਦੀ॥੨॥ |
| **ਜਿਨਿ ਪਿਰੁ ਰਾਵਿਆ ਸਾ ਭਲੀ ਸੁਹਾਗਣਿ॥ ਸੇ ਮੈ ਗੁਣ ਨਾਹੀ ਹਉ ਕਿਆ ਕਰੀ ਦੁਹਾਗਣਿ॥੩॥** | ਜਿਸ ਨੇ ਪਤੀ ਦਾ ਅਨੰਦ ਮਾਣਿਆ ਹੈ ਉਹ ਸੁਹਾਗਣੀ ਓਹੋ ਭਲੀ ਹੈ, (ਭਾਵ ਸ਼ੁਭ ਗੁਣਾਂ ਵਾਲੀ ਹੈ)। ਓਹ ਗੁਣ ਮੇਰੇ ਵਿਚ ਨਹੀਂ ਹਨ, ਮੈਂ ਦੁਹਾਗਣ ਕੀਹ ਕਰਾਂ?॥੩॥ |
| **ਨਿਤ ਸੁਹਾਗਣਿ ਸਦਾ ਪਿਰੁ ਰਾਵੈ॥ ਮੈ ਕਰਮਹੀਣ ਕਬ ਹੀ ਗਲਿ ਲਾਵੈ॥੪॥** | ਸੁਹਾਗਣ ਤਾਂ ਪਤੀ ਦਾ ਆਨੰਦ ਨਿਤ ਨਿਤ ਮਾਣਦੀ ਹੈ, ਮੈਂ ਕਰਮਾਂ ਹੀਣੀ ਨੂੰ ਕਦੇ ਕਦਾਈਂ ਹੀ ਗਲ ਲਾ ਲਵੇ (ਤਾਂ ਸ਼ੁਕਰ ਕਰਾਂ)॥੪॥ |
| **ਤੂ ਪਿਰੁ ਗੁਣਵੰਤਾ ਹਉ ਅਉਗੁਣਿਆਰਾ॥ ਮੈ ਨਿਰਗੁਣ ਬਖਸਿ ਨਾਨਕੁ ਵੇਚਾਰਾ॥੫॥੨॥** | ਤੂੰ ਗੁਣਾਂ ਵਾਲਾ ਮਾਲਕ ਹੈਂ, ਮੈਂ ਅਉਗੁਣਾਂ ਵਾਲਾ ਹਾਂ, ਮੈਂ ਨਿਰਗੁਣ ਨੂੰ ਬਖਸ਼ ਲੈ, (ਇਹ) ਨਾਨਕ ਗ਼ਰੀਬ (ਤੇਰੇ ਦਰ ਪਿਆ) ਹੈ॥੫॥੨॥ |

## ਸ਼ੁਰੂਆਤੀ ਦੌਰ ਦੇ ਪਰਵਾਸੀ ਮਸਲੇ

ਵੱਡੇ ਇਕੱਠ ਵਿਚ ਸਰਬਸੰਮਤੀ ਨਾਲ ਬਰਮਾ ਨਿਵਾਸੀ ਸਿੱਖਾਂ ਦੀ ਸ਼੍ਰੋਮਣੀ ਜਥੇਬੰਦੀ ਖਾਲਸਾ ਦੀਵਾਨ ਦੇ ਨਾਮ ਨਾਲ ਪ੍ਰਵਾਨ ਹੋਈ। ਬਰਮਾ ਦੀ ਸੰਗਤ ਨੇ ਅਕਾਲੀ ਮੋਰਚਿਆਂ ਵਿਚ ਵੀ ਹਿੱਸਾ ਲਿਆ। ਕਿਹਾ ਜਾਂਦਾ ਹੈ ਕਿ ਇਸ ਸੰਗਤ ਨੇ ਕਰੀਬ ਪੰਜਾਹ ਹਜ਼ਾਰ ਰੁਪਏ ਦੀ ਮਾਇਕ ਸਹਾਇਤਾ ਵੀ ਭੇਜੀ। ਗੁਰਦੁਆਰਾ ਸੁਧਾਰ ਲਹਿਰ ਨੇ ਬਰਮਾ ਦੇ ਸਿੱਖਾਂ ਵਿਚ ਥੋੜ੍ਹੀ ਜਹੀ ਅੰਗਰੇਜ਼ ਹਕੂਮਤ ਵਿਰੁੱਧ ਭਾਵਨਾ ਭਰੀ।

ਪਹਿਲੇ ਵਿਸ਼ਵ ਯੁੱਧ ਸਮੇਂ ਜਦੋਂ ਸਿੱਖ ਫ਼ੌਜੀ ਬਗ਼ਦਾਦ ਵੱਲ ਗਏ ਤਾਂ ਉਨ੍ਹਾਂ ਨੇ ਕੋਸ਼ਿਸ਼ ਕਰਕੇ ਬਾਬੇ ਨਾਨਕ ਦੇ ਉਸ ਸਥਾਨ ਦੀ ਨਿਸ਼ਾਨਦੇਹੀ ਕੀਤੀ ਜਿਥੇ ਬਾਬਾ ਜੀ ਠਹਿਰੇ ਸਨ। ਇਸ ਨਿਸ਼ਾਨਦੇਹੀ ਕਰਨ ਵਾਲਿਆਂ ਵਿਚ ਸੂਬੇਦਾਰ ਮੇਜਰ ਗੁਰਦਿੱਤ ਸਿੰਘ, ਜਮਾਂਦਾਰ ਰਾਮ ਸਿੰਘ, ਜਵੰਦ ਸਿੰਘ ਅਤੇ ਭਗਤ ਸਿੰਘ ਓਵਰਸੀਅਰ ਸ਼ਾਮਿਲ ਸਨ। **ਖਾਲਸਾ ਸਮਾਚਾਰ** ਅਖ਼ਬਾਰ ਨੇ ਨਿਸ਼ਾਨਦੇਹੀ ਦੀ ਤਾਰੀਖ਼ 13.4.1917 ਦੱਸੀ ਹੈ ਅਤੇ ਜਾਣਕਾਰੀ ਦਿੱਤੀ ਹੈ ਕਿ ਗੁਰਦੁਆਰੇ ਦੇ ਆਸ ਪਾਸ ਕਬਰਿਸਤਾਨ ਹੈ। ਗੁਰਦੁਆਰੇ ਦੇ ਵਿਹੜੇ ਵਿਚ ਖੂਹ ਅਤੇ ਦਰਖ਼ਤ ਹਨ। ਉਸ ਗੁਰਦੁਆਰੇ ਦਾ ਖ਼ਾਦਮ (ਸੇਵਾਦਾਰ) ਵੀ ਸੀ। ਪੁਰਾਤਨ ਇਤਿਹਾਸ ਅਤੇ ਜਨਮ ਸਾਖੀਆਂ ਵਿਚ 'ਜਗਤ ਤਾਰਿਕ ਬਾਬੇ' ਦੀਆਂ ਸਾਖੀਆਂ ਪ੍ਰਚਲਿਤ ਹਨ। (**ਖਾਲਸਾ ਸਮਾਚਾਰ**, 18 ਜੁਲਾਈ, 1918, ਪੰਨਾ 3) ਕੁਝ ਸਿੱਖ ਫ਼ੌਜੀ ਬਸਰੇ ਵਿਚ ਵੀ ਗਏ ਅਤੇ ਏਥੇ ਉਨ੍ਹਾਂ ਨੇ ਉਹ ਬਾਸ਼ਿੰਦੇ ਵੇਖੇ ਜਿਨ੍ਹਾਂ ਦਾ ਸਰੂਪ ਸਿੱਖਾਂ ਵਰਗਾ ਸੀ। ਮੈਸੋਪੋਟਾਮੀਆ ਅਤੇ ਬਗ਼ਦਾਦ ਵਿਚ ਸਿੱਖ ਫ਼ੌਜੀਆਂ ਨੇ ਅਖੰਡ ਪਾਠ ਕਰਾਉਣ ਦੀ ਰਵਾਇਤ ਸ਼ੁਰੂ ਕੀਤੀ। ਇਹ ਸਿੱਖ ਫ਼ੌਜੀ ਸਰਕਾਰ ਦੇ ਰਿਣੀ ਸਨ ਕਿ ਜਿਸ ਦੀ ਬਦੌਲਤ ਉਹ ਧਾਰਮਿਕ ਗਤੀਵਿਧੀਆਂ ਆਰੰਭ ਕਰ ਸਕੇ। ਇਸ ਗੱਲ ਲਈ ਉਨ੍ਹਾਂ ਨੇ ਅੰਗਰੇਜ਼ ਅਫ਼ਸਰਾਂ ਦਾ ਧੰਨਵਾਦ ਵੀ ਕੀਤਾ। (**ਖਾਲਸਾ ਸਮਾਚਾਰ**, 14 ਜੂਨ, 1917, ਪੰਨਾ 4; 8 ਨਵੰਬਰ, 1917, ਪੰਨਾ 3; 29 ਨਵੰਬਰ 1917, ਪੰਨਾ 10)

ਵੀਹਵੀਂ ਸ਼ਤਾਬਦੀ ਦੇ ਆਰੰਭ ਵਿਚ ਕਿਰਸਾਨੀ ਅਤੇ ਕਿਰਤੀ ਪਰਿਵਾਰਾਂ ਦੇ ਮੈਂਬਰਾਂ ਨੇ ਈਸਟ ਅਫ਼ਰੀਕਾ ਵਿਚ ਜਾਣਾ ਸ਼ੁਰੂ ਕੀਤਾ। ਈਸਟ ਅਫ਼ਰੀਕਾ ਦੇ ਨਰੋਬੀ ਸ਼ਹਿਰ ਵਿਚ ਸਥਾਪਿਤ ਗੁਰਦੁਆਰਾ ਇਸ ਗੱਲ ਦਾ ਸੰਕੇਤ ਕਰਦਾ ਹੈ ਕਿ ਸਿੱਖ ਪਰਵਾਸੀਆਂ ਦੀ ਗਿਣਤੀ ਸੈਂਕੜਿਆਂ ਵਿਚ ਜ਼ਰੂਰ ਹੋਵੇਗੀ। ਇਨ੍ਹਾਂ ਪਰਵਾਸੀਆਂ ਵਿਚੋਂ ਬਹੁਤੇ ਰਾਮਗੜ੍ਹੀਏ (ਲੁਹਾਰ ਤੇ ਤਰਖਾਣ) ਸਨ। ਈਸਟ ਅਫ਼ਰੀਕਾ ਵਿਚ ਬਰਤਾਨਵੀ ਸਰਕਾਰ ਨੇ ਖਣਿਜ ਪਦਾਰਥਾਂ ਲਈ ਖੁਦਾਈ ਅਤੇ ਕੱਚੇ ਮਾਲ ਦੀ ਢੋਅ-ਢੁਆਈ ਲਈ ਰੇਲਵੇ ਲਾਈਨਾਂ ਵਿਛਾਉਣ ਦੇ ਅਨੇਕਾਂ ਵੱਡੇ ਪ੍ਰੋਜੈਕਟ ਆਰੰਭ ਕੀਤੇ ਜਿਨ੍ਹਾਂ ਲਈ ਮਜ਼ਦੂਰਾਂ ਅਤੇ ਕਾਰੀਗਰਾਂ ਦੀ ਲੋੜ ਸੀ। ਪਰਵਾਸੀ ਸਿੱਖਾਂ ਨੇ ਈਸਟ ਅਫ਼ਰੀਕਾ ਵਿਚ ਗੁਰਦੁਆਰੇ ਸਥਾਪਤ ਕਰ ਲਏ ਸਨ। ਇਨ੍ਹਾਂ ਗੁਰਦੁਆਰਿਆਂ ਵਿਚ ਆਮ ਕਰਕੇ ਉਹੀ ਮਰਿਆਦਾ ਅਪਣਾਈ ਗਈ ਜਿਹੜੀ ਪੰਜਾਬ ਦੇ ਗੁਰਦੁਆਰਿਆਂ (ਜਿਹੜੇ ਸਿੰਘ ਸਭਾਵਾਂ ਦੇ ਅਧੀਨ ਸਨ) ਵਿਚ ਨਿਭਾਈ ਜਾਂਦੀ ਸੀ। ਈਸਟ ਅਫ਼ਰੀਕਾ ਦੇ ਗੁਰਦੁਆਰਿਆਂ ਵਿਚ ਭੋਗ ਉਪਰੰਤ ਕੀਰਤਨ ਅਤੇ ਕਥਾ ਕੀਤੀ ਜਾਂਦੀ ਸੀ।

*ਡਾਇਰੈਕਟਰ, ਭਾਈ ਵੀਰ ਸਿੰਘ ਨਿਵਾਸ ਅਸਥਾਨ, ਅੰਮ੍ਰਿਤਸਰ

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

## ਫਾਈਟਰ ਪਾਇਲਟ ਦਲੀਪ ਸਿੰਘ ਮਜੀਠੀਆ ਨੂੰ 100ਵੇਂ ਜਨਮ-ਦਿਵਸ ਤੇ ਏਅਰ ਚੀਫ਼ ਮਾਰਸ਼ਲ ਵੱਲੋਂ ਵਧਾਈ-ਸੰਦੇਸ਼



ਭਾਰਤੀ ਵਾਯੂ ਸੈਨਾ ਦੇ ਸਭ ਤੋਂ ਪੁਰਾਣੇ ਲੜਾਕੂ ਜਹਾਜ਼ਾਂ ਦੇ ਪਾਇਲਟ ਸੇਵਾਮੁਕਤ ਸੁਕੈਡਰਨ ਲੀਡਰ ਦਲੀਪ ਸਿੰਘ ਮਜੀਠੀਆ ਨੂੰ ਉਹਨਾਂ ਦੇ ਜ਼ਿੰਦਗੀ ਦੇ 100 ਸਾਲ ਪੂਰੇ ਕਰਨ ਤੇ ਏਅਰ ਚੀਫ਼ ਮਾਰਸ਼ਲ ਆਰ.ਕੇ.ਐਸ. ਭਦੂੜੀਆ ਨੇ ਵਧਾਈ ਸੰਦੇਸ਼ ਭੇਜਿਆ ਹੈ। ਮਜੀਠੀਆ ਅਗਸਤ 1947 'ਚ ਭਾਰਤ ਦੀ ਆਜ਼ਾਦੀ ਵੇਲੇ ਸੇਵਾਮੁਕਤ ਹੋਏ ਸਨ। ਦਲੀਪ ਸਿੰਘ ਮਜੀਠੀਆ ਨੇ 5 ਅਗਸਤ, 1940 'ਚ ਲਾਹੌਰ ਦੇ ਵਾਲਟਨ ਏਅਰਫੀਲਡ ਤੋਂ ਟਾਈਗਰ ਮੋਥ ਏਅਰਕਰਾਫਟ 'ਚ ਦੋ ਬ੍ਰਿਟਿਸ਼ ਅਧਿਕਾਰੀਆਂ ਦੇ ਨਾਲ ਆਪਣੀ ਪਹਿਲੀ ਸਿਖਲਾਈ ਉਡਾਨ ਭਰੀ ਸੀ। ਇਸ ਤੋਂ 17 ਦਿਨਾਂ ਬਾਅਦ ਉਹਨਾਂ ਆਪਣੀ 20 ਸਾਲ ਦੀ ਉਮਰ 'ਚ ਇਕੱਲਿਆਂ ਉਡਾਨ ਭਰੀ। ਉਹਨਾਂ ਦਾ ਸਮੁੱਚਾ ਜੀਵਨ ਬਹਾਦਰੀ, ਵਿਸ਼ਵਾਸ ਅਤੇ ਜਾਂਬਾਜ਼ੀ ਦੀ ਕਹਾਣੀ ਹੈ। ਸੁਕੈਡਰਨ ਲੀਡਰ ਮਜੀਠੀਆ ਨੂੰ ਭਾਰਤੀ ਵਾਯੂ ਸੈਨਾ ਦੇ ਆਜ਼ਾਦੀ-ਪੂਰਵ ਕਾਲ 'ਚ ਕਈ ਤਰ੍ਹਾਂ ਦੇ ਜਹਾਜ਼ ਉਡਾਉਣ ਦਾ ਸੁਭਾਗ ਹਾਸਿਲ ਹੈ ਜਿਹਨਾਂ ਵਿਚ ਵੈਸਟਲੈਂਡ ਵੈਪਿਤੀ ਆਈਆਈਏ, ਹਾਕਰ ਔਡੈਕਸ ਅਤੇ ਹਾਰਟ ਆਦਿ। ਆਪ ਨੂੰ ਉਸ ਸਮੇਂ ਦੇ ਸਭ ਤੋਂ ਆਧੁਨਿਕ ਹਵਾਈ ਜਹਾਜ਼ ਹਾਕਰ ਹੁਰੀਕੇਨ ਨੂੰ ਉਡਾਉਣ ਦਾ ਵੀ ਸੁਭਾਗ ਹਾਸਲ ਹੈ। ਇਸ ਜਹਾਜ਼ ਨੇ ਬਰਮਾ ਤੇ ਅਸਾਮ 'ਚ ਹੋਈਆਂ ਸੈਨਿਕ ਗਤੀਵਿਧੀਆਂ ਦੌਰਾਨ ਬਿਹਤਰ ਨਤੀਜੇ ਦਿੱਤੇ ਸਨ। ਦੂਜੀ ਵਿਸ਼ਵ ਜੰਗ ਦੇ ਖ਼ਤਮ ਹੋਣ ਤੋਂ ਬਾਅਦ ਦਲੀਪ ਸਿੰਘ ਮਜੀਠੀਆ ਦੀ ਚੋਣ ਬ੍ਰਿਟਿਸ਼ ਕਾਮਨਵੈਲਥ ਆਕੂਪੇਸ਼ਨ ਫੋਰਸਿਜ਼ ਲਈ ਹੋ ਗਈ ਅਤੇ ਆਪ ਨੂੰ ਮੈਲਬੋਰਨ ਦੇ ਸਦਰ-ਮੁਕਾਮ ਵਿਖੇ ਤਬਦੀਲ ਕਰ ਦਿੱਤਾ ਗਿਆ ਜਿੱਥੇ ਉਹਨਾਂ ਦਾ ਮੇਲ ਜੋਨ ਸੈਨਡਰਸ ਨਾਲ ਹੋਇਆ ਜੋ ਕਿ 18 ਫ਼ਰਵਰੀ, 1947 ਨੂੰ ਉਨ੍ਹਾਂ ਦੀ ਜੀਵਨ ਸਾਥਣ ਬਣ ਗਈ। ਅਗਸਤ 1949 'ਚ ਆਪ ਫ਼ੌਜ ਤੋਂ ਸੇਵਾਮੁਕਤ ਹੋ ਗਏ ਪਰ ਆਪਣੇ ਸ਼ੌਕ ਸਦਕਾ ਨਿਜੀ ਏਅਰਕਰਾਫਟ ਚਲਾਉਂਦੇ ਰਹੇ। ਉਹਨਾਂ ਆਪਣੀ ਆਖ਼ਰੀ ਉਡਾਨ 16 ਜਨਵਰੀ, 1979 ਨੂੰ ਭਰੀ। ਜ਼ਿੰਦਗੀ ਦੀ ਸਦੀ ਪੂਰੀ ਕਰਨ ਤੇ ਉਹਨਾਂ ਦਾ ਕਹਿਣਾ ਸੀ ਇਹ ਪਰਮਾਤਮਾ ਦੀ ਕਿਰਪਾ ਤੇ ਘਰਦਿਆਂ ਦੇ ਸਹਿਯੋਗ ਸਦਕਾ ਹੀ ਸੰਭਵ ਹੋਇਆ। ਸਾਰੀ ਉਮਰ ਸ਼ਰੀਰਕ ਅਨੁਕੂਲਤਾ ਰੱਖਣੀ ਅਤੇ ਗੋਲਫ਼ ਖੇਡਣਾ ਉਹਨਾਂ ਦੇ ਪਸੰਦੀਦਾ ਸ਼ੌਕ ਰਹੇ।

## 73 ਸਾਲਾਂ ਮਗਰੋਂ ਖੁੱਲਿਆ ਬਲੋਚਿਸਤਾਨ ਸਥਿਤ ਗੁਰਦੁਆਰਾ ਸਿੰਘ ਸਭਾ



ਪਾਕਿਸਤਾਨ ਦੇ ਸੂਬੇ ਬਲੋਚਿਸਤਾਨ ਦੀ ਸਰਕਾਰ ਵੱਲੋਂ 73 ਸਾਲ ਮਗਰੋਂ ਇੱਥੋਂ ਦਾ ਇਕ 200 ਸਾਲ ਪੁਰਾਣਾ 'ਗੁਰਦੁਆਰਾ ਸਿੰਘ ਸਭਾ' ਇੱਥੋਂ ਦੀ ਸਿੱਖ ਸੰਗਤ ਨੂੰ ਸੌਂਪ ਦਿੱਤਾ ਗਿਆ ਹੈ। ਬਲੋਚਿਸਤਾਨ ਦੀ ਰਾਜਧਾਨੀ ਕੋਇਟਾ ਦੀ ਮਸਜਿਦ ਰੋਡ ਤੇ ਸਥਿਤ ਇਸ ਗੁਰਦੁਆਰੇ ਦੇ ਅਹਾਤੇ ਨੂੰ 1947 ਤੋਂ ਏਪੀਡਬਲਿਊਏ ਸਰਕਾਰੀ ਹਾਈ ਸਕੂਲ (ਲੜਕੀਆਂ) ਵਜੋਂ ਵਰਤਿਆ ਜਾ ਰਿਹਾ ਸੀ। ਸੂਬਾਈ ਸੰਸਦੀ ਸਕੱਤਰ ਅਤੇ ਘੱਟਗਿਣਤੀ ਮਾਮਲਿਆਂ ਬਾਰੇ ਮੁੱਖ ਮੰਤਰੀ ਦੇ ਸਲਾਹਕਾਰ ਦਿਨੇਸ਼ ਕੁਮਾਰ ਅਨੁਸਾਰ ਗੁਰਦੁਆਰੇ ਨੂੰ ਮੁੜ ਸਿੱਖ ਭਾਈਚਾਰੇ ਨੂੰ ਸੌਂਪਣਾ ਇੱਥੋਂ ਦੀ ਬਲੋਚਿਸਤਾਨ ਸਰਕਾਰ ਦਾ ਇਤਿਹਾਸਿਕ ਫ਼ੈਸਲਾ ਹੈ। ਇਸ ਗੁਰਦੁਆਰੇ ਦੇ ਅਹਾਤੇ 'ਚ ਗਰਲਜ਼ ਸਕੂਲ ਦੀਆਂ ਵਿਦਿਆਰਥਣਾਂ ਨੂੰ ਨੇੜਲੇ ਸਕੂਲ 'ਚ ਦਾਖ਼ਲਾ ਲੈਣ ਲਈ ਕਹਿ ਦਿੱਤਾ ਗਿਆ ਹੈ। ਬਲੋਚਿਸਤਾਨ, ਜਿੱਥੇ ਤਕਰੀਬਨ 2000 ਸਿੱਖ ਪਰਿਵਾਰ ਵੱਸਦੇ ਹਨ, ਦੀ ਸਿੱਖ ਭਾਈਚਾਰਾ ਕਮੇਟੀ ਵੱਲੋਂ ਫ਼ੈਸਲੇ ਦਾ ਸੁਆਗਤ ਕੀਤਾ ਗਿਆ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਬਲੋਚਿਸਤਾਨ ਸਰਕਾਰ ਵੱਲੋਂ ਕੋਇਟੇ ਦੇ ਇਸ ਗੁਰਦੁਆਰੇ ਨੂੰ ਖੋਲਣ ਦਾ ਸੁਆਗਤ ਕੀਤਾ ਹੈ। ✧✧